Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 105 | Thursday, May 27, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਪਾਰਕਡੇਲ ਵਿੱਚ ਚੱਲੀ ਗੋਲੀ, ਇੱਕ ਗੰਭੀਰ ਜ਼ਖ਼ਮੀ

ਪਾਰਕਡੇਲ, 26 ਮਈ (ਪੋਸਟ ਬਿਊਰੋ) : ਪਾਰਕਡੇਲ ਵਿੱਚ ਦਿਨ ਦਿਹਾੜੇ ਹੋਈ ਸ਼ੂਟਿੰਗ ਵਿੱਚ ਇੱਕ 24 ਸਾਲਾ ਵਿਅਕਤੀ ਜ਼ਖ਼ਮੀ ਹੋ ਗਿਆ। ਬੁੱਧਵਾਰ ਸ਼ਾਮ ਨੂੰ 5:45 ਉੱਤੇ ਕੁਈਨ ਸਟਰੀਟ ਵੈਸਟ ਤੇ ਲੈਂਸਡਾਊਨ ਐਵਨਿਊ ਇਲਾਕੇ ਵਿੱਚ ਵੈਸਟ ਲੌਜ ਤੇ ਸੀਅਫੋਰਥ ਐਵਨਿਊਂ ਇਲਾਕੇ ਵਿੱਚ ਗੋਲੀ ਚੱਲਣ ਦੀ ਇਹ ਘਟਨਾ ਵਾਪਰੀ। ਪੁਲਿਸ ਮੌਕੇ ਉੱਤੇ ਪਹੁੰਚੀ ਤੇ ਉਨ੍ਹਾਂ ਨੂੰ ਉੱਥੇ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਮਿਲਿਆ। ਇੰਸਪੈਕਟਰ ਮਾਈਕਲ ਵਿਲੀਅਮਜ਼ ਨੇ ਦੱਸਿਆ ਕਿ ਜਦੋਂ ਉਹ ਮੌਕੇ ਉੱਤੇ ਪਹੁੰਚੇ ਤਾ ਉਨ੍ਹਾਂ ਨੂੰ 24 ਸਾਲਾ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਨੂੰ ਧੜ ਦੇ ਉੱਪਰੀ ਹਿੱਸੇ ਵਿੱਚ ਦੋ ਵਾਰੀ ਗੋਲੀ ਮਾਰੀ ਗਈ ਸੀ। ਇੱਕ ਗੋਲੀ ਉਸ ਦੇ ਮੋਢੇ ਉੱਤੇ ਲੱਗੀ ਸੀ ਜਦਕਿ ਦੂਜੀ ਗੋਲੀ ਉਸ ਦੇ ਢਿੱਡ ਵਿੱਚ ਲੱਗੀ ਸੀ। ਉਸ ਨੂੰ ਨਜ਼ਦੀਕੀ ਟਰੌਮਾ ਸੈਂਟਰ



ਲਿਜਾਇਆ ਗਿਆ।

ਟੋਰਾਂਟੋ ਦੀ ਪੈਰਾਮੈਡਿਕ ਸਰਵਿਸਿਜ਼ ਨੇ ਦੱਸਿਆ ਕਿ ਉਸ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਨੂੰ ਮੌਕੇ ਉੱਤੇ ਇੱਕ ਗੱਡੀ ਵੀ ਮਿਲੀ, ਜਿਹੜੀ ਗੋਲੀਆਂ ਨਾਲ ਵਿੰਨ੍ਹੀ ਪਈ ਸੀ। ਇਹ ਵੀ ਖਬਰਾਂ ਮਿਲੀਆਂ ਹਨ ਕਿ ਦੋ ਮਸ਼ਕੂਕ ਪੈਦਲ ਹੀ ਇਸ ਵਿਅਕਤੀ ਕੋਲ ਪਹੁੰਚੇ ਤੇ ਗੋਲੀ ਚਲਾਏ ਜਾਣ ਤੋਂ ਪਹਿਲਾਂ ਦੋਵਾਂ ਧਿਰਾਂ ਵਿਚਾਲੇ ਬਹਿਸ ਵੀ ਹੋਈ। ਇਸ ਵਿਅਕਤੀ ਨੂੰ ਗੋਲੀਆਂ ਮਾਰਨ ਤੋਂ ਬਾਅਦ ਦੋ ਮਸ਼ਕੂਕ, ਜੋ ਕਿ ਆਪਣੇ 20ਵਿਆਂ ਦੇ ਸ਼ੁਰੂ ਵਿੱਚ ਸਨ, ਮੌਕੇ ਤੋਂ ਇੱਕ ਕਾਲੇ ਰੰਗ ਦੀ ਸੇਡਾਨ ਵਿੱਚ ਫਰਾਰ ਹੋ ਗਏ। ਇਹ ਸੇਡਾਨ ਪਹਿਲਾਂ ਤੋਂ ਹੀ ਉਨ੍ਹਾਂ ਦੀ ਉਡੀਕ ਕਰ ਰਹੀ ਸੀ। ਪੁਲਿਸ ਨੇ ਆਖਿਆ ਕਿ ਗੱਡੀ ਵਿੱਚ ਡਰਾਈਵਰ ਹੋਣ ਦੀ ਵੀ ਸੰਭਾਵਨਾ ਹੈ ਤੇ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਤਿੰਨੇ ਕਿਸ ਦਿਸ਼ਾ ਵੱਲ ਗਏ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸੈਨ ਹੋਜ਼ੇ ਰੇਲਯਾਰਡ ਵਿਚ ਸਿਰਫਿਰੇ ਵਿਅਕਤੀ ਨੇ ਅੰਨ੍ਹੇਵਾਹ ਚਲਾਈਆਂ ਗੋਲੀਆਂ, ਕਈ ਹਲਾਕ, ਕਈ ਜ਼ਖ਼ਮੀ

ਸੈਨ ਹੋਜ਼ੇ, ਕੈਲੇਫੋਰਨੀਆ, 26 ਮਈ (ਪੋਸਟ ਬਿਊਰੋ) : ਬੁੱਧਵਾਰ ਨੂੰ ਸੈਨ ਹੋਜ਼ੇ ਦੇ ਰੇਲਯਾਰਡ ਵਿੱਚ ਇੱਕ ਸਿਰਫਿਰੇ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਏ ਜਾਣ ਕਾਰਨ ਕਈ ਲੋਕ ਮਾਰੇ ਗਏ, ਕਈ ਹੋਰ ਜ਼ਖ਼ਮੀ ਹੋ ਗਏ। ਸ਼ੈਰਿਫ ਦੇ ਬੁਲਾਰੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਘਟਨਾਕ੍ਰਮ ਵਿੱਚ ਮਸ਼ਕੂਕ ਵੀ ਮਾਰਿਆ ਗਿਆ। ਸੈਂਟਾ ਕਲਾਰਾ ਕਾਊਂਟੀ ਦੇ ਸ਼ੈਰਿਫ ਦੇ ਬੁਲਾਰੇ ਡਿਪਟੀ ਰਸਲ ਡੇਵਿਸ ਨੇ ਆਖਿਆ ਕਿ ਉਹ ਅਜੇ ਮ੍ਰਿਤਕਾਂ ਦੀ ਜਾਂ ਜ਼ਖ਼ਮੀਆਂ ਦੀ ਗਿਣਤੀ ਤਾਂ ਨਹੀਂ ਦੱਸ ਸਕਦੇ ਤੇ ਨਾ ਹੀ ਇਹ ਦੱਸ ਸਕਦੇ ਹਨ ਕਿ ਮਸ਼ਕੂਕ ਕਿਵੇਂ ਮਾਰਿਆ ਗਿਆ। ਇਹ ਘਟਨਾ ਸ਼ੈਰਿਫ ਡਿਪਾਰਟਮੈਂਟ ਦੇ ਬਿਲਕੁਲ ਨੇੜੇ ਤੇ ਏਅਰਪੋਰਟ ਨਾਲ



ਜੁੜਦੇ ਫਰੀਵੇਅ ਲਾਗੇ ਲਾਈਟ ਰੇਲ ਫੈਸਿਲਿਟੀ ਉੱਤੇ ਸਵੇਰੇ 6:30 ਵਜੇ ਵਾਪਰੀ। ਇਹ ਫੈਸਿਲਿਟੀ ਟਰਾਂਜ਼ਿਟ ਕੰਟਰੋਲ ਸੈਂਟਰ ਹੈ ਤੇ ਇੱਥੇ ਟਰੇਨਜ਼ ਨੂੰ ਸਟੋਰ ਕੀਤਾ ਜਾਂਦਾ ਹੈ ਤੇ ਉਨ੍ਹਾਂ ਦੀ ਮੇਨਟੇਨੈਂਸ ਕੀਤੀ ਜਾਂਦੀ ਹੈ।

ਡੇਵਿਸ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਇਸ ਘਟਨਾ ਲਈ ਕਿਸ ਤਰ੍ਹਾਂ ਦੇ ਹਥਿਆਰ ਦੀ ਵਰਤੋਂ ਕੀਤੀ ਗਈ ਜਾਂ ਫਿਰ ਇਹ ਸ਼ੂਟਿੰਗ ਇੰਡੋਰ ਹੋਈ ਜਾਂ ਆਊਟਡੋਰ ਹੋਈ। ਉਨ੍ਹਾਂ ਆਖਿਆ ਕਿ ਮ੍ਰਿਤਕਾਂ ਤੇ ਜ਼ਖ਼ਮੀਆਂ ਵਿੱਚ ਵੈਲੀ ਟਰਾਂਸਪੋਰਟੇਸ਼ਨ ਅਥਾਰਟੀ ਦੇ ਇੰਪਲੌਈਜ਼ ਸ਼ਾਮਲ ਹਨ। ਵੀ ਟੀ ਏ ਸੈਂਟਾ ਕਲਾਰਾ ਕਾਊਂਟੀ ਵਿੱਚ ਬੱਸਾਂ, ਹਲਕੀਆਂ ਰੇਲਾਂ ਤੇ ਹੋਰ ਟਰਾਂਜ਼ਿਟ ਸੇਵਾਵਾਂ ਮੁਹੱਈਆ ਕਰਵਾਂਉਂਦੀ ਹੈ। ਇਹ ਬੇਅ ਏਰੀਆ ਵਿੱਚ ਸੱਭ ਤੋਂ ਵੱਡੀ ਕਾਊਂਟੀ ਹੈ ਤੇ ਸਿਲੀਕੌਨ ਵੈਲੀ ਵੀ ਇੱਥੇ ਹੀ ਹੈ।

ਗਵਰਨਰ ਗੈਵਿਨ ਨਿਊਸਮ ਨੇ ਇੱਕ ਟਵੀਟ ਵਿੱਚ ਆਖਿਆ ਕਿ ਉਨ੍ਹਾਂ ਦਾ ਆਫਿਸ ਲੋਕਲ ਲਾਅ ਐਨਫੋਰਸਮੈਂਟ ਅਧਿਕਾਰੀਆਂ ਦੇ ਸੰਪਰਕ ਵਿੱਚ ਹੈ ਤੇ ਹਾਲਾਤ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਐਫਬੀਆਈ ਦੇ ਸਪੈਸ਼ਲ ਏਜੰਟਸ ਤੇ ਫੈਡਰਲ ਬਿਊਰੋ ਆਫ ਅਲਕੋਹਲ, ਟੋਬੈਕੋ, ਫਾਇਰਆਰਮਜ਼ ਤੇ ਐਕਸਪਲੋਸਿਵਜ਼ ਵੀ ਮੌਕੇ ਉੱਤੇ ਜਾਂਚ ਵਿੱਚ ਮਦਦ ਕਰ ਰਹੇ ਹਨ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

# ਦਸ ਸਾਲਾਂ ਵਿੱਚ ਓਸਲਰ ਫਾਊਂਡੇਸ਼ਨ ਨੇ ਇੱਕਠੇ ਕੀਤੇ 109 ਮਿਲੀਅਨ ਡਾਲਰ



ਬਰੈਂਪਟਨ, 26 ਮਈ (ਪੋਸਟ ਬਿਊਰੋ) : ਯੂ ਹੈਵ ਦ ਪਾਵਰ ਕੈਂਪੇਨ ਲਾਂਚ ਕਰਨ ਤੋਂ ਦਸ ਸਾਲ ਬਾਅਦ ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸਖਨ (ਓਸਲਰ ਫਾਊਂਡੇਸ਼ਨ) ਵੱਲੋਂ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਦੀ ਮਦਦ ਲਈ 109 ਮਿਲੀਅਨ ਡਾਲਰ ਇੱਕਠੇ ਕਰ ਲਏ ਗਏ ਹਨ।

ਕਮਿਊਨਿਟੀ ਦੀਆਂ ਸਿਹਤ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਇੱਕ ਦਹਾਕੇ ਪਹਿਲਾਂ ਇਹ ਕੈਂਪੇਨ 100 ਮਿਲੀਅਨ ਡਾਲਰ ਇੱਕਠੇ ਕਰਨ ਦੇ ਟੀਚੇ ਨਾਲ ਸ਼ੁਰੂ ਕੀਤੀ ਗਈ ਸੀ। ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ 34000 ਡੋਨਰਜ਼ ਦੀ ਮਦਦ ਨਾਲ ਅਸੀਂ ਆਪਣੇ ਟੀਚੇ ਤੋਂ ਵੀ ਵੱਧ ਮਦਦ ਇੱਕਠੀ ਕਰਨ ਵਿੱਚ ਕਾਮਯਾਬ ਹੋਏ ਹਾਂ। ਉਨ੍ਹਾਂ ਆਖਿਆ ਕਿ ਇਸ ਲਈ ਅਸੀਂ ਆਪਣੀ ਕਮਿਊਨਿਟੀ ਦੇ ਬਹੁਤ ਧੰਨਵਾਦੀ ਹਾਂ। ਉਨ੍ਹਾਂ ਆਖਿਆ ਕਿ ਸਾਡੇ ਡੋਨਰਜ਼ ਵੱਲੋਂ ਡਾਲਰਾਂ ਦੇ ਨਾਲ ਨਾਲ ਮਲਟੀ ਮਿਲੀਅਨ ਡਾਲਰ ਦੇ ਗਿਫਟ ਵੀ ਦਿੱਤੇ ਗਏ ਤੇ ਇਹ ਸੱਚਮੁੱਚ ਹੀ ਕਮਿਊਨਿਟੀ ਦੀ ਕਾਮਯਾਬ ਕੋਸ਼ਿਸ਼ ਸੀ।

ਉਨ੍ਹਾਂ ਦੱਸਿਆ ਕਿ ਇੱਕਠੇ ਕੀਤੇ ਗਏ ਫੰਡਾਂ ਨਾਲ ਪੀਲ ਮੈਮੋਰੀਅਲ ਸੈਂਟਰ ਫੌਰ ਇੰਟੇਗ੍ਰੇਟਿਡ ਹੈਲਥ ਐਂਡ ਵੈੱਲਨੈੱਸ ਦੀ ਇਮਾਰਤ ਤਿਆਰ ਕਰਵਾਉਣ ਵਿੱਚ ਮਦਦ ਮਿਲੀ ਤੇ ਉੱਥੇ ਸਾਜ਼ੋ ਸਮਾਨ ਲਿਆਂਦਾ ਗਿਆ। ਇਹ ਇਮਾਰਤ 2017 ਵਿੱਚ ਤਿਆਰ ਹੋਈ ਤੇ ਇਹ ਪਿੱਛੇ ਜਿਹੇ ਪਾਸ ਹੋਏ ਫੇਜ਼ 2 ਦੀ ਮਜ਼ਬੂਤ ਨੀਂਹ ਦਾ ਵੀ ਜ਼ਰੀਆ ਬਣੀ। ਇਸ ਕੈਂਪੇਨ ਨੇ 2019 ਵਿੱਚ ਇਟੋਬੀਕੋ ਜਨਰਲ ਹਸਪਤਾਲ ਦੇ ਨਵੇਂ ਪੇਸ਼ੈਂਟ ਟਾਵਰ ਨੂੰ ਖੋਲ੍ਹਣ ਵਿੱਚ ਵੀ ਮਦਦ ਕੀਤੀ। ਇਸ ਤੋਂ ਇਲਾਵਾ ਇਸ ਕੈਂਪੇਨ ਰਾਹੀਂ ਇੱਕਠੇ ਹੋਏ ਫੰਡਾਂ ਰਾਹੀਂ ਬਰੈਂਪਟਨ ਦੇ ਸਿਵਿਕ ਹਸਪਤਾਲ ਵਿੱਚ ਆਧੁਨਿਕ ਤੇ ਮਿਆਰੀ ਇਕਿਉਪਮੈਂਟ ਵੀ ਲਾਏ ਗਏ।

ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਐਂਡ ਸੀਈਓ ਡਾ· ਨਵੀਦ ਮੁਹੰਮਦ ਨੇ ਆਖਿਆ ਕਿ ਇਸ ਕੈਂਪੇਨ ਨੇ ਓਸਲਰ ਦੇ ਸਟਾਫ ਤੇ ਡਾਕਟਰਾਂ ਨੂੰ ਕਮਿਊਨਿਟੀ ਦੀਆਂ ਲੋੜਾਂ ਪੂਰੀਆਂ ਕਰਨ ਦੀ ਸਮਰੱਥਾ ਬਖਸ਼ੀ। ਉਨ੍ਹਾਂ ਆਖਿਆ ਕਿ ਭਾਵੇਂ ਯੂ ਹੈਵ ਦ ਪਾਵਰ ਕੈਂਪੇਨ ਰਸਮੀ ਤੌਰ ਉੱਤੇ ਬੰਦ ਹੋ ਚੁੱਕੀ ਹੈ ਪਰ ਓਸਲਰ ਫਾਊਂਡੇਸ਼ਨ ਓਸਲਰ ਤੇ ਇਸ ਦੀ ਟੀਮ ਦੀ ਮਦਦ ਲਈ ਫੰਡ ਇੱਕਠੇ ਕਰਦੀ ਰਹੇਗੀ

# ਦੋ ਬੱਚਿਆਂ ਦੀ ਜਾਨ ਲੈਣ ਵਾਲੇ ਟੀਨੇਜ ਡਰਾਈਵਰ ਨੂੰ 300,000 ਦੇ ਮੁਚਲਕੇ ਉੱਤੇ ਮਿਲੀ ਜ਼ਮਾਨਤ

ਟੋਰਾਂਟੋ, 26 ਮਈ (ਪੋਸਟ ਬਿਊਰੋ) : ਰਿਚਮੰਡ ਹਿੱਲ ਦੇ ਟੀਨ ਡਰਾਈਵਰ, ਜਿਸ ਉੱਤੇ ਵਾਅਨ, ਓਨਟਾਰੀਓ ਵਿੱਚ ਆਪਣੇ ਘਰ ਦੇ ਬਾਹਰ ਖੇਡ ਰਹੇ ਦੋ ਬੱਚਿਆਂ ਨੂੰ ਮਾਰਨ ਦਾ ਦੋਸ਼ ਸੀ, ਨੂੰ ਬੁੱਧਵਾਰ ਨੂੰ 300,000 ਡਾਲਰ ਦੇ ਮੁਚਲਕੇ ਉੱਤੇ ਜ਼ਮਾਨਤ ਦੇ ਦਿੱਤੀ ਗਈ।

ਪੁਲਿਸ ਅਨੁਸਾਰ, 16 ਮਈ ਨੂੰ 10 ਸਾਲਾਂ ਦੀ ਬੱਚੀ ਤੇ ਉਸ ਦਾ ਚਾਰ ਸਾਲਾਂ ਦਾ ਭਰਾ ਆਪਣੇ ਘਰ ਦੇ ਡਰਾਈਵ-ਵੇਅ ਵਿੱਚ ਆਪਣੇ ਗੁਆਂਢੀ ਨਾਲ ਰਲ ਕੇ ਖੇਡ ਰਹੇ ਸਨ ਜਦੋਂ ਦੁਪਹਿਰ ਦੇ ਸਮੇਂ ਇੱਕ ਕਾਲੇ ਰੰਗ ਦੀ ਮਰਸਡੀਜ਼ ਬੈਂਜ ਸੇਡਾਨ ਨੇ ਆ ਕੇ ਉਨ੍ਹਾਂ ਤਿੰਨਾਂ ਨੂੰ ਟੱਕਰ ਮਾਰ ਦਿੱਤੀ। ਦੋਵਾਂ ਬੱਚਿਆਂ ਦੀ ਹਸਪਤਾਲ



ਵਿੱਚ ਮੌਤ ਹੋ ਗਈ। ਗੁਆਂਢੀ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਉਹ ਬਚ ਗਿਆ। ਇਨ੍ਹਾਂ ਬੱਚਿਆਂ ਦੀ ਪਛਾਣ 10 ਸਾਲ ਅਨਾਇਆ ਤੇ 4 ਸਾਲਾ ਜੈਕਸ ਵਜੋਂ ਹੋਈ।

ਪੁਲਿਸ ਨੇ 16 ਸਾਲਾਂ ਦੇ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ। ਉਸ ਉੱਤੇ ਛੇ ਚਾਰਜਿਜ਼ ਲਾਏ ਗਏ, ਮੁਜਰਮਾਨਾ ਅਣਗਹਿਲੀ ਦੇ ਦੋ ਮਾਮਲੇ ਜਿਨ੍ਹਾਂ ਕਾਰਨ ਮੌਤ ਹੋਈ, ਖਤਰਨਾਕ ਢੰਗ ਨਾਲ ਗੱਡੀ ਚਲਾਉਣਾ, ਗੱਡੀ ਨੂੰ ਗਲਤ ਢੰਗ ਨਾਲ ਚਲਾਉਣਾ ਜਿਸ ਨਾਲ ਕਿਸੇ ਨੂੰ ਸ਼ਰੀਰਕ ਨੁਕਸਾਨ ਪਹੁੰਚਿਆ। ਇਨ੍ਹਾਂ ਚਾਰਜਿਜ਼ ਨੂੰ ਅਜੇ ਅਦਾਲਤ ਵਿੱਚ ਸਿੱਧ ਨਹੀਂ ਕੀਤਾ ਗਿਆ ਹੈ।

ਜ਼ਮਾਨਤ ਲਈ ਵਰਚੂਅਲ ਸੁਣਵਾਈ ਦੌਰਾਨ 16 ਸਾਲਾ ਟੀਨੇਜਰ ਨੂੰ ਜ਼ਮਾਨਤ ਦੇ ਦਿੱਤੀ ਗਈ ਪਰ ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਉਸ ਦੀ ਪਛਾਣ ਜਾਹਿਰ ਨਹੀਂ ਕੀਤੀ ਜਾ ਸਕਦੀ। ਜ਼ਮਾਨਤ ਲਈ ਕਈ ਹੋਰ ਸ਼ਰਤਾਂ ਵੀ ਰੱਖੀਆਂ ਗਈਆਂ ਹਨ। ਮਾਮਲੇ ਦੀ ਅਗਲੀ ਸੁਣਵਾਈ 17 ਜੂਨ ਨੂੰ ਹੋਵੇਗੀ।

# ਐਸਟ੍ਰਾਜ਼ੈਨੇਕਾ ਦੀ ਇੱਕ ਹੋਰ ਖੇਪ ਅੱਜ ਪਹੁੰਚੇਗੀ ਟੋਰਾਂਟੋ ਦੀਆਂ ਫਾਰਮੇਸੀਜ਼ 'ਚ

ਓਨਟਾਰੀਓ, 26 ਮਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਪਹਿਲਾਂ ਤੋਂ ਪਈ ਐਸਟ੍ਰਾਜ਼ੈਨੇਕਾ ਕੋਵਿਡ-19 ਵੈਕਸੀਨ ਐਕਸਪਾਇਰ ਹੋਣ ਵਾਲੀ ਹੈ ਤੇ ਪ੍ਰੋਵਿੰਸ ਭਰ ਦੀਆਂ ਫਾਰਮੇਸੀਜ਼ ਵਿੱਚ ਬੁੱਧਵਾਰ ਨੂੰ ਨਵੀਂ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਡਲਿਵਰੀ ਹੋਣ ਦੀ ਸੰਭਾਵਨਾ ਹੈ। ਇਹ ਡੋਜ਼ਾਂ ਟੋਰਾਂਟੋ, ਕਿੰਗਸਟਨ ਤੇ ਵਿੰਡਸਰ ਦੀਆਂ 160 ਫਾਰਮੇਸੀਜ਼ ਉੱਤੇ ਪਹੁੰਚਣਗੀਆਂ। ਇਸ ਤੋਂ ਪਹਿਲਾਂ ਪਿਆ ਐਸਟ੍ਰਾਜ਼ੈਨੇਕਾ ਦਾ ਸਟੌਕ ਪੰਜ ਦਿਨ ਵਿੱਚ ਐਕਸਪਾਇਰ ਹੋਣ ਜਾ ਰਿਹਾ ਹੈ। ਇਸ ਨੂੰ ਉਨ੍ਹਾਂ ਲੋਕਾਂ ਨੂੰ ਦੂਜੀ ਡੋਜ਼ ਵਜੋਂ ਦੇਣ ਲਈ ਰੱਖਿਆ ਗਿਆ ਸੀ ਜਿਨ੍ਹਾਂ ਨੇ 10 ਮਾਰਚ ਤੇ 19 ਮਾਰਚ ਦਰਮਿਆਨ ਇਸ ਵੈਕਸੀਨ ਦੀ ਪਹਿਲੀ ਡੋਜ ਲਵਾਈ ਸੀ।

ਓਨਟਾਰੀਓ ਫਾਰਮਾਸਿਸਟਸ ਐਸੋਸਿਏਸ਼ਨ ਦੇ ਸੀਈਓ ਜਸਟਿਨ ਬੇਟਸ ਦਾ ਕਹਿਣਾ ਹੈ ਕਿ ਟੋਰਾਂਟੋ ਦੀਆਂ ਕੁੱਝ ਫਾਰਮੇਸੀਜ਼ ਨੂੰ ਮੰਗਲਵਾਰ ਨੂੰ ਹੀ ਵੈਕਸੀਨ ਦੀ ਸਪਲਾਈ ਮਿਲ ਚੁੱਕੀ ਹੈ ਜਦਕਿ ਬਾਕੀ ਨੂੰ ਬੁੱਧਵਾਰ ਨੂੰ ਇਹ ਡੋਜ਼ਾਂ ਮਿਲਣਗੀਆਂ। ਬੇਟਸ ਨੇ ਆਖਿਆ ਕਿ ਉਨ੍ਹਾਂ ਸਾਰਿਆਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਪ੍ਰੋਵਿੰਸ ਵਿੱਚ ਮੌਜੂਦ 3100 ਡੋਜ਼ਾਂ, ਜੋ ਕਿ ਸੋਮਵਾਰ ਨੂੰ ਐਕਸਪਾਇਰ ਹੋਣ ਜਾ ਰਹੀਆਂ ਹਨ, ਨੂੰ ਵਰਤਣਾ ਹੋਵੇਗਾ ਤੇ ਅਸੀਂ ਕੋਈ ਵੀ ਡੋਜ਼ ਖਰਾਬ ਨਹੀਂ ਕਰ ਸਕਦੇ।

ਜਿਨ੍ਹਾਂ ਨੂੰ ਹੁਣ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਦੂਜੀ ਡੋਜ਼ ਹੁਣ ਨਹੀਂ ਲੱਗੇਗੀ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ ਅਗਲੇ ਇੱਕ ਜਾਂ ਦੋ ਹਫਤੇ ਵਿੱਚ ਨਵੀਂ ਵੈਕਸੀਨ ਸਪਲਾਈ ਵੀ ਆ ਰਹੀ ਹੈ ਤੇ ਉਹ ਉਸ ਸਮੇਂ ਇਹ ਦੂਜੀ ਡੋਜ਼ ਲੈ ਸਕਦੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਐਸਟ੍ਰਾਜ਼ੈਨੇਕਾ ਦੀਆਂ 10,000 ਹੋਰ ਡੋਜ਼ਾਂ ਅਗਲੇ ਮਹੀਨੇ ਐਕਸਪਾਇਰ ਹੋਣ ਜਾ ਰਹੀਆਂ ਹਨ। ਪ੍ਰੋਵਿੰਸ ਕੋਲ ਇਸ ਸਮੇਂ ਸਟੌਕ ਵਿੱਚ 300,000 ਡੋਜ਼ਾਂ ਹਪਰ ਪਈਆਂ ਹਨ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਲਫੀਆ ਬਿਆਨ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਵਾਅਨ ਦੀ ਸੁਪਰਮਾਰਕਿਟ ਆਊਟਬ੍ਰੇਕ ਨਾਲ ਜੁੜੇ ਹਨ ਕੋਵਿਡ-19 ਦੇ 23 ਮਾਮਲੇ



ਵਾਅਨ, 26 ਮਈ (ਪੋਸਟ ਬਿਊਰੋ) : ਯੌਰਕ ਰੀਜਨ ਦੇ ਸਿਹਤ ਅਧਿਕਾਰੀਆਂ ਵੱਲੋਂ ਪਿਛਲੇ ਕੁੱਝ ਹਫਤਿਆਂ ਵਿੱਚ ਵਾਅਨ ਦੀ ਮਸ਼ਹੂਰ ਸੁਪਰਮਾਰਕਿਟ ਤੋਂ ਸ਼ੌਪਿੰਗ ਕਰਨ ਵਾਲਿਆਂ ਨੂੰ ਅਹਿਤਿਆਤ ਵਰਤਣ ਲਈ ਆਖਿਆ ਜਾ ਰਿਹਾ ਹੈ। ਸਟੋਰ ਵਿੱਚ ਆਊਟਬ੍ਰੇਕ ਕਾਰਨ 23 ਲੋਕਾਂ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਇਸ ਸਟੋਰ ਤੋਂ ਸ਼ੌਪਿੰਗ ਕਰਨ ਵਾਲੇ ਸਾਰੇ ਲੋਕਾਂ ਨੂੰ ਖੁਦ ਵਿੱਚ ਕੋਵਿਡ-19 ਲੱਛਣਾਂ ਦੀ ਜਾਂਚ ਕਰਨ ਲਈ ਆਖਿਆ ਗਿਆ ਹੈ।

ਯੌਰਕ ਰੀਜਨ ਪਬਲਿਕ ਹੈਲਥ ਅਨੁਸਾਰ ਥੌਰਨਹਿੱਲ ਵਿੱਚ ਡਫਰਿਨ ਤੇ ਸੈਂਟਰ ਸਟਰੀਟਸ ਨੇੜੇ ਕੌਂਕਰਡ ਫੂਡ ਸੈਂਟਰ ਵਿਖੇ ਹੋਈ ਕੋਵਿਡ-19 ਆਊਟਬ੍ਰੇਕ ਨਾਲ ਜੁੜੇ 23 ਮਾਮਲੇ ਸਾਹਮਣੇ ਆਏ ਹਨ। ਬੁੱਧਵਾਰ ਸ਼ਾਮ ਨੂੰ ਯੌਰਕ ਰੀਜਨ ਪਬਲਿਕ ਹੈਲਥ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਜਿਸ ਕਿਸੇ ਨੇ ਵੀ 8 ਅਪਰੈਲ, 2021 ਤੋਂ 21 ਮਈ, 2021 ਤੱਕ ਕੌਂਕਰਡ ਫੂਡ ਸੈਂਟਰ ਤੋਂ ਸ਼ੌਪਿੰਗ ਕੀਤੀ ਹੋਵੇ ਉਹ ਸੁਪਰਮਾਰਕਿਟ ਵਿੱਚ ਆਪਣੀ ਵਿਜ਼ਿਟ ਤੋਂ ਅਗਲੇ 14 ਦਿਨ ਤੱਕ ਆਪਣੇ ਅੰਦਰ ਲੱਛਣਾਂ ਦੀ ਜਾਂਚ ਕਰੇ। ਜੇ ਕੋਵਿਡ-19 ਦੇ ਕਿਸੇ ਵੀ ਤਰ੍ਹਾਂ ਦੇ ਲੱਛਣ ਲੱਗਦੇ ਹਨ ਤਾਂ ਕੋਵਿਡ-19 ਅਸੈੱਸਮੈਂਟ ਸੈਂਟਰ ਵਿੱਚ ਟੈਸਟ ਕਰਵਾਇਆ ਜਾਵੇ।

ਇੱਕ ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਸਟੋਰ ਉੱਤੇ ਵਰਕਪਲੇਸ ਆਊਟਬ੍ਰੇਕ ਦੋ ਹਫਤੇ ਪਹਿਲਾਂ 12 ਮਈ ਨੂੰ ਉਸ ਸਮੇਂ ਐਲਾਨੀ ਗਈ ਸੀ ਜਦੋਂ 14 ਇੰਪਲੌਈਜ਼ ਦੇ ਕੋਵਿਡ-19 ਪਾਜ਼ੀਟਿਵ ਹੋਣ ਦੀ ਪੁਸ਼ਟੀ ਹੋਈ ਸੀ। 17 ਮਈ ਨੂੰ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਸਾਈਟ ਦਾ ਮੁਆਇਨਾ ਵੀ ਕੀਤਾ ਗਿਆ ਸੀ। ਯੌਰਕ ਰੀਜਨ ਨੇ ਆਖਿਆ ਕਿ ਉਹ ਇਸ ਲਈ ਹੁਣ ਨੋਟਿਸ ਜਾਰੀ ਕਰ ਰਹੇ ਹਨ ਕਿਉਂਕਿ ਪੁਸ਼ਟ ਕੇਸਾਂ ਦੀ ਗਿਣਤੀ ਆਊਟਬ੍ਰੇਕ ਐਲਾਨੇ ਜਾਣ ਤੋਂ ਬਾਅਦ ਵੱਧ ਗਈ ਹੈ। 21 ਮਈ ਅਜਿਹਾ ਆਖਰੀ ਦਿਨ ਸੀ ਜਦੋਂ ਕੋਈ ਪਾਜ਼ੀਟਿਵ ਕਰਮਚਾਰੀ ਕੰਮ ਉੱਤੇ ਆਇਆ ਸੀ।

### ਡਾਕਟਰਾਂ ਦੀ ਮੋਦੀ ਨੂੰ ਚਿੱਠੀ

# ਰਾਮਦੇਵ ਉੱਤੇ ਦੇਸ਼-ਧ੍ਰੋਹ ਦੇ ਦੋਸ਼ਾਂ ਹੇਠ ਕਾਰਵਾਈ ਦੀ ਮੰਗ ਚੁੱਕੀ

ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਅੱਜ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐੱਮ ਏ)ਨੇ ਪਤੰਜਲੀ ਪੀਠ ਦੇ ਮੁਖੀ ਬਾਬਾ ਰਾਮਦੇਵ ਦੇ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।ਆਈ ਐੱਮ ਏ ਨੇ ਇਸ ਪੱਤਰਵਿੱਚ ਬਾਬਾ ਰਾਮਦੇਵ ਉੱਤੇ ਗੁੰਮਰਾਹਕੁੰਨ ਜਾਣਕਾਰੀ ਫੈਲਾਉਣ ਦਾ ਦੋਸ਼ ਲਾਇਆ ਤੇ ਮੰਗ ਕੀਤੀ ਕਿ ਰਾਮਦੇਵ ਨੂੰ ਏਦਾਂ ਦੀ ਗਲਤ ਸੂਚਨਾ ਫੈਲਾਉਣ ਤੋਂ ਰੋਕਿਆ ਜਾਵੇ।

ਵਰਨਣ ਯੋਗ ਹੈ ਕਿ ਇਕ ਵੀਡੀਓ ਵਿਚ ਬਾਬਾ ਰਾਮਦੇਵ ਨੇ ਕਿਹਾ ਕਿ ਟੀਕੇ ਦੀਆਂ ਦੋ ਖੁਰਾਕਾਂ ਲੈਣਮਗਰੋਂ ਵੀ 10,000 ਡਾਕਟਰਾਂ ਅਤੇ ਲੱਖਾਂ ਲੋਕਾਂ ਦੀ ਮੌਤ ਹੋਈ ਹੈ।ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਲਿਖੇ ਪੱਤਰ ਵਿੱਚਦੱਸਿਆ ਹੈ ਕਿ ਆਈ ਐੱਮ ਏ 18 ਸਾਲ ਦੇ ਉਮਰ ਗਰੁੱਪ ਵਾਲੇ ਲੋਕਾਂ ਨੂੰ ਟੀਕਾਕਰਨ ਪ੍ਰਤੀ ਤੁਹਾਡੀ ਵਚਨਬੱਧਤਾ ਬਾਰੇ ਲਗਾਤਾਰ ਸੰਦੇਸ਼ ਦੇ ਰਹੀ ਹੈ ਅਤੇ ਭਾਰਤ ਸਰਕਾਰ ਤੇ ਆਧੁਨਿਕ ਮੈਡੀਕਲ ਸਿਹਤ ਸੰਭਾਲ ਪੇਸ਼ੇਵਰਾਂ ਦੇ ਕਾਰਨ ਕਰੀਬ 20 ਕਰੋੜ ਲੋਕਾਂ ਨੂੰ ਟੀਕਾ ਲੱਗ ਚੁੱਕਾ ਹੈ, ਜੋ ਸੰਸਾਰ ਵਿੱਚ ਸਭ ਤੋਂ ਤੇਜ਼ ਟੀਕਾਕਰਨ ਹੈ। ਅਸੀਂ ਭਾਰਤ ਵਿਚ ਟੀਕਾ ਲਾਉਣ ਤੇ ਤੁਹਾਡੇ ਵੱਲੋਂਦੂਸਰੇ ਦੇਸ਼ਾਂ ਦੇ ਟੀਕਿਆਂ ਨੂੰ ਭਾਰਤ ਵਿਚ ਵਰਤਣ ਦੀ ਆਗਿਆ ਦੇਣ ਲਈ ਤੁਹਾਡੇ ਉੱਦਮ ਦੇ ਸ਼ੁਕਰ-ਗੁਜ਼ਾਰ ਹਾਂ। ਇਸ ਦੇ ਨਾਲ ਆਈ ਐੱਮ ਏ ਨੇ ਲਿਖਿਆ ਕਿ ਇਹ ਰਾਹਤ ਦੀ ਗੱਲ ਹੈ ਕਿ ਟੀਕੇ ਦੀਆਂ ਦੋਵਾਂ ਖੁਰਾਕਾਂ ਲੈਣ ਵਾਲਿਆਂ ਵਿਚੋਂ ਸਿਰਫ 0.06 ਫੀਸਦੀ ਨੂੰ ਕੋਰੋਨਾ ਵਾਇਰਸ ਦੀ ਬਹੁਤ ਹਲਕੀ ਇਨਫੈਕਸ਼ਨ ਹੋਈਤੇ ਬਹੁਤ ਘੱਟ ਲੋਕਾਂ ਨੂੰ ਫੇਫੜੇ ਦੀ ਗੰਭੀਰ ਲਾਗ ਹੈ ਅਤੇ ਇਹ ਸਾਬਤ ਹੋ ਗਿਆ ਹੈ ਕਿ ਇਹ ਟੀਕਾ ਲੋਕਾਂ ਦੀ ਜਾਨ ਬਚਾ ਸਕਦਾ ਹੈ ਅਤੇ ਦੇਸ਼ ਵਿੱਚਕੋਰੋਨਾ ਵਾਲੀ ਗੰਭੀਰ ਇਨਫੈਕਸ਼ਨ ਦੇ ਕੇਸਾਂ ਨੂੰ ਬਹੁਤ ਹੱਦ ਤੱਕ ਘਟਾ ਸਕਦਾ ਹੈ।



ਬਾਬਾ ਰਾਮਦੇਵ ਬਾਰੇ ਆਈ ਐੱਮ ਏ ਨੇ ਲਿਖਿਆ ਹੈ ਕਿ ਅਸੀਂ ਬੜੇ ਦੁੱਖ ਨਾਲ ਤੁਹਾਡੇ ਧਿਆਨ ਵਿਚ ਇਹ ਗੱਲ ਲਿਆਉਣਾ ਚਾਹੁੰਦੇ ਹਾਂ ਕਿ ਇਕ ਵੀਡੀਓ ਵਿਚ ਦਾਅਵਾ ਕੀਤਾ ਗਿਆ ਹੈ ਕਿ ਕੋਰੋਨਾ ਟੀਕਾ ਅਤੇ ਐਲੋਪੈਥਿਕ ਦਵਾਈਆਂ ਦੀਆਂ ਦੋਵੇਂ ਖੁਰਾਕਾਂ ਲੈਣ ਦੇ ਬਾਅਦ ਵੀ 10,000 ਡਾਕਟਰਾਂ ਦੀ ਮੌਤ ਹੋ ਗਈ ਹੈ ਤੇ ਇਹ ਗੱਲ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ, ਜਿਹੜੀ ਪਤੰਜਲੀ ਪੀਠ ਦੇ ਉਤਪਾਦਨ ਦੇ ਮਾਲਕ ਬਾਬਾ ਰਾਮਦੇਵ ਨਾਲ ਸਬੰਧਤ ਹੈ। ਆਈ ਐੱਮ ਏ ਨੇ ਇਸ ਬਾਰੇ ਲਿਖਿਆ ਹੈ ਕਿ ਏਦਾਂ ਦਾ ਪ੍ਰਚਾਰ ਕਰਨ ਲਈ ਬਾਬਾ ਰਾਮਦੇਵ ਦੇ ਖਿਲਾਫ ਦੇਸ਼ ਧਰੋਹ ਦਾ ਕੇਸ ਦਰਜ ਕਰ ਕੇ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇ ਅਤੇ ਇਸ ਤਰ੍ਹਾਂ ਦੀ ਮੁਹਿੰਮ ਬੰਦ ਕਰਵਾਈ ਜਾਵੇ।


SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6


Emergency Contact:
416.910.5676
www.shergilllawfirm.ca

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training

Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936


Jas Toor
Sales Repersentative
Sutton Group-Realty Experts Brokerage*
Independently Owned and Operated.
Call Now: (647)-242-8667
Email- RealtorJasToor@gmail.com

Jagdish Grewal
Sales Repersentative
Century 21 President Realty Inc Brokerage*
Independently Owned and Operated.
Call Now: (416)-970-5005
Email- Jagdish@grewalhomes.com


Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

Free Market Evaluation
-Buy
-Sell
-Invest
Call Now:(647) 242-8667
(416) 970-5005

## ਅੱਜ ਨਾਮਾ

ਪਾਕਿਸਤਾਨ ਦੀ ਬਣੀ ਨਹੀਂ ਗੱਲ ਮੁੜ ਕੇ,
ਤੋੜ'ਤੀ ਫਿਰ ਅਮਰੀਕੀਆਂਆਸ ਮੀਆਂ।
ਰੋਕ ਗਿਆ ਮਦਦ ਸੀ ਸਾਰੀ ਟਰੰਪਜਾਂਦਾ,
ਬਾਇਡੇਨ ਰਾਜ ਵੀ ਆਵੇ ਨਾ ਰਾਸ ਮੀਆਂ।
ਮਿਲਣੀ ਸ਼ੁਰੂ ਨਹੀਂ ਹੋਈ ਇਮਦਾਦ ਕੋਈ,
ਬੋਲਣੀ ਵਿੱਚ ਨਹੀਂ ਕੋਈ ਮਿਠਾਸ ਮੀਆਂ।
ਜੜ੍ਹੀਂ ਬੈਠ ਗਏ ਨਕਵੀ ਤੇ ਸਈਦ ਵਰਗੇ,
ਕੀਤਾ ਜਿਨ੍ਹਾਂ ਨੇ ਮੁਲਕ ਪਿਆ ਨਾਸ ਮੀਆਂ।
ਓਧਰ ਚੀਨ ਕੁਝ ਹੱਥ ਪਿਆ ਜਾਏ ਘੁੱਟੀ,
ਹੋਇਆ ਪਿਆ ਇਮਰਾਨ ਹੈ ਤੰਗ ਮੀਆਂ।
ਕੀਤਾ ਸੀਗਾ ਤਰੱਕੀ ਲਈ ਬੜਾ ਵਾਅਦਾ,
ਹਰ ਥਾਂ ਮੰਗਦਿਆਂ ਆਂਵਦੀ ਸੰਗ ਮੀਆਂ।

**ਤੀਸ ਮਾਰ ਖਾਂ**

## ਪ੍ਰੇਮਿਕਾ ਨੂੰ ਮਿਲਣ ਗਏ ਨੌਜਵਾਨ ਦਾ ਕਤਲ

ਟਾਂਗਰਾ, 26 ਮਈ (ਪੋਸਟ ਬਿਊਰੋ)- ਥਾਣਾ ਖਿਲਚੀਆਂ ਦੇ ਪਿੰਡ ਧੂਲਕਾ ਵਿਖੇ ਨਾਜਾਇਜ਼ ਸੰਬੰਧਾਂ ਕਾਰਨ ਆਪਣੀ ਵਿਆਹੁਤਾ ਪ੍ਰੇਮਿਕਾ ਨੂੰ ਮਿਲਣ ਆਏ ਨੌਜਵਾਨ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ।

ਮਿਲੀ ਜਾਣਕਾਰੀ ਮੁਤਾਬਕ ਗੁਰਵਿੰਦਰ ਸਿੰਘ ਪੁੱਤਰ ਪੂਰਨ ਸਿੰਘ ਪਿੰਡ ਪੱਡੇ ਥਾਣਾ ਬਿਆਸ, ਜੋ ਆਪਣੀ ਮਾਸੀ ਸੁਰਜੀਤ ਕੌਰ ਪਤਨੀ ਹਰਦੀਪ ਸਿੰਘ ਵਾਸੀ ਧੂਲਕਾ ਕੋਲ ਰਹਿੰਦਾ ਸੀ, ਦੇ ਸੰਬੰਧ ਦਲਜੀਤ ਕੌਰ ਪਤਨੀ ਲਖਵਿੰਦਰ ਸਿੰਘ ਪਿੰਡ ਧੂਲਕਾ ਨਾਲ ਬਣ ਗਏ ਅਤੇ ਦੋ ਸਾਲ ਪਹਿਲਾਂ ਉਹ ਦੋਵੇਂ ਘਰੋਂ ਭੱਜ ਗਏ ਸਨ। ਥਾਣਾ ਖਿਚਲੀਆਂ ਨੂੰ ਦਿੱਤੇ ਬਿਆਨਾਂ ਵਿੱਚ ਸੁਖਵਿੰਦਰ ਸਿੰਘ ਪੁੱਤਰ ਸੁੱਚਾ ਸਿੰਘ ਪਿੰਡ ਦੇਲਾਂ ਵਾਲ ਜ਼ਿਲ੍ਹਾ ਤਰਨਤਾਰਨ ਨੇ ਦੱਸਿਆ ਕਿ ਗੁਰਵਿੰਦਰ ਸਿੰਘ ਪੁੱਤਰ ਪੂਰਨ ਸਿੰਘ ਮੇਰੇ ਮਾਮੇ ਦਾ ਲੜਕਾ ਸੀ। ਕੱਲ੍ਹ ਰਾਤ 11 ਵਜੇ ਮੈਨੂੰ ਉਸ ਨੇ ਫ਼ੋਨ ਕਰਕੇ ਦੱਸਿਆ ਕਿ ਦਲਜੀਤ ਕੌਰ ਪਤਨੀ ਲਖਵਿੰਦਰ ਸਿੰਘ ਵਾਸੀ ਧੂਲਕਾ ਨੇ ਮੈਨੂੰ ਘਰ ਸੱਦ ਕੇ ਫਸਾ ਦਿੱਤਾ ਹੈ। ਅਸੀਂ ਓਥੇ ਜਾ ਕੇ ਵੇਖਿਆ ਤਾਂ ਗੁਰਵਿੰਦਰ ਸਿੰਘ ਦੀ ਲਾਸ਼ ਲਖਵਿੰਦਰ ਸਿੰਘ ਦੇ ਘਰ ਦੀ ਲਾਬੀ ਅਤੇ ਸਟੋਰ ਦੇ ਬੂਹੇ ਵਿਚਾਲੇ ਪਈ ਸੀ। ਐਸ ਐਚ ਓ ਬਲਜਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੁਖਵਿੰਦਰ ਸਿੰਘ ਦੇ ਬਿਆਨਾਂ ਉੱਤੇ ਦਲਜੀਤ ਕੌਰ, ਅਮਰਜੀਤ ਕੌਰ, ਅਜੀਤ ਸਿੰਘ, ਧਰਮਿੰਦਰ ਸਿੰਘ, ਅੰਗਰੇਜ ਸਿੰਘ, ਅੰਮ੍ਰਿਤਪਾਲ ਸਿੰਘ, ਬਲਜੀਤ ਕੌਰ, ਬਲਰਾਜ ਸਿੰਘ, ਅੰਮ੍ਰਿਤਪਾਲ ਸਿੰਘ 9 ਵਿਅਕਤੀਆਂ ਦੇ ਵਿਰੁੱਧ ਕੇਸ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

### ਕਿਸਾਨ ਮੋਰਚੇ ਦੇ 6 ਮਹੀਨੇ ਪੂਰੇ

## ਦਿੱਲੀ ਵਿੱਚ ਕਿਸਾਨ ਮੋਰਚਿਆਂ 'ਤੇ ਕਿਸਾਨਾਂ ਨੇ ਕਾਲੇ ਝੰਡੇ ਲਾਏ, ਮੋਦੀ ਸਰਕਾਰ ਦੇ ਪੁਤਲੇ ਫੂਕੇ



ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਪਿਛਲੇ 26 ਨਵੰਬਰ ਤੋਂ ਦਿੱਲੀ ਦੇ ਬਾਰਡਰਾਂ ਉੱਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਡਟੇ ਹੋਏ ਕਿਸਾਨਾਂ ਨੇ ਅੱਜ ਇਥੇ ਸਿੰਘੂ ਬਾਰਡਰ ਅਤੇ ਟਿਕਰੀ ਬਾਰਡਰ ਉੱਤੇ ਮੋਦੀ ਸਰਕਾਰ ਦੇ ਪੁਤਲੇ ਫੂਕੇ।

ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਗਾਜ਼ੀਪੁਰ ਬਾਰਡਰ ਉੱਤੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ਼ ਕਾਲਾ ਝੰਡਾ ਲਹਿਰਾਇਆ। ਹਰਿਆਣਾ ਵਿੱਚ ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਪ੍ਰਧਾਨ ਗੁਰਨਾਮ ਸਿੰਘ ਚੜੂੰਨੀ ਨੇ ਕਿਸਾਨਾਂ ਨੂੰ ਆਪੋ-ਆਪਣੇ ਘਰਾਂ ਅਤੇ ਵਾਹਨਾਂ ਉਤੇ ਕਾਲੇ ਝੰਡੇ ਲਾ ਕੇ ਵਿਰੋਧ ਦਰਜ ਕਰਵਾਉਣ ਦੀ ਅਪੀਲ ਕੀਤੀ।ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੀ ਪਿੰਡ ਬਾਦਲ ਵਿਚਲੀ ਰਿਹਾਇਸ਼ ਉਤੇ ਵੀ ਕਾਲਾ ਝੰਡਾ ਲਹਿਰਾਇਆ ਗਿਆ। ਹਰਿਆਣਾ ਦੇ ਹਿਸਾਰ ਜ਼ਿਲੇ ਦੇ ਢੰਡੂਰ ਪਿੰਡ ਵਿੱਚ ਵੀ ਕਿਸਾਨਾਂ ਨੇ ਸਰਕਾਰ ਵਿਰੋਧੀ ਨਾਅਰੇਬਾਜ਼ੀ ਕੀਤੀ ਅਤੇ ਭਾਜਪਾ ਸਰਕਾਰ ਦੀ ਅਰਥੀ ਫੂਕੀ। ਝੱਜਰ ਵਿੱਚ ਵੀ ਕਿਸਾਨਾਂ ਨੇ ਕਾਲੇ ਝੰਡੇ ਲਹਿਰਾਏ ਅਤੇ ਟਿਕਰੀ ਬਾਰਡਰ ਤੱਕ ਮੋਟਰਸਾਈਕਲ ਰੈਲੀ ਕੱਢੀ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸੈਕਟਰੀ ਸਰਵਣ ਸਿੰਘ ਪੰਧੇਰ ਨੇ ਨਰਿੰਦਰ ਮੋਦੀ ਸਰਕਾਰ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਕਿਸਾਨਾਂ ਨੂੰ ਦਿੱਲੀ ਬਾਰਡਰਾਂ ਉੱਤੇ ਬੈਠਿਆਂ ਛੇ ਮਹੀਨੇ ਹੋ ਚੁੱਕੇ ਹਨ, ਪਰ ਸਰਕਾਰ ਦੇ ਕੰਨ 'ਤੇ ਜੂੰਅ ਨਹੀਂ ਸਰਕੀ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਗਾਜ਼ੀਪੁਰ ਬਾਰਡਰ ਉੱਤੇ ਭਰੋਸਾ ਦਿੱਤਾ ਕਿ ਕੋਵਿਡ-19 ਤੋਂ ਸੁਰੱਖਿਆ ਦੇਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਪੂਰੇ ਅਮਨ-ਅਮਾਨ ਨਾਲ ਵਿਰੋਧ ਪ੍ਰਦਰਸ਼ਨ ਕਰਦੇ ਰਹਿਣਗੇ।ਉਨ੍ਹਾ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਉਨ੍ਹਾਂ ਦੀ ਗੱਲ ਨਹੀਂ ਸੁਣਦੀ। ਟਿਕੈਤ ਨੇ ਕਿਹਾ ਕਿ ਉਹ ਕੇਂਦਰੀ ਖੇਤੀ ਕਾਨੂੰਨ ਰੱਦ ਹੋਣ ਤੱਕ ਵਿਰੋਧ ਜਾਰੀ ਰੱਖਣਗੇ।ਉਨ੍ਹਾਂ ਕਿਹਾ ਕਿ ਉਨ੍ਹਾਂ ਕੌਮੀ ਤਿਰੰਗੇ ਝੰਡੇ ਚੁੱਕ ਕੇ ਏਦਾਂ ਦੇ ਵਿਰੋਧ ਪ੍ਰਦਰਸ਼ਨ ਦੀ ਯੋਜਨਾ ਬਣਾਈ ਸੀ, ਪਰ ਅਧਿਕਾਰੀਆਂ ਨੇ ਇਤਰਾਜ਼ ਕੀਤਾ ਤਾਂ ਕਾਲੇ ਝੰਡੇ ਲਹਿਰਾਏ ਹਨ।

ਅੱਜ ਬੁੱਧਵਾਰ ਨੂੰ ਕਿਸਾਨ ਮੋਰਚੇ ਛੇ ਮਹੀਨੇ ਪੂਰੇ ਹੋਣ ਮੌਕੇ ਭਾਰਤੀ ਕਿਸਾਨ ਯੂਨੀਅਨ ਵੱਲੋਂ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਧਰਨੇ ਵਾਲੇ ਸਥਾਨਾਂ ਉੱਤੇ ਕਾਲੇ ਝੰਡੇ ਲਾ ਕੇ ਰੋਸ ਪ੍ਰਗਟ ਕੀਤਾ ਗਿਆ ਹੈ। ਇਸ ਦੌਰਾਨ ਯੂ ਪੀ ਵਾਲੇ ਗੇਟ ਉੱਤੇ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਹਾਜ਼ਰ ਸਨ।ਉਨ੍ਹਾਂ ਕਿਹਾ ਕਿ ਜਦੋਂ ਤਕ ਸਰਕਾਰ ਕਾਨੂੰਨ ਵਾਪਸ ਨਹੀਂ ਲੈਂਦੀ, ਕਿਸਾਨ ਧਰਨਾ ਖਤਮ ਨਹੀਂ ਕਰਨਗੇ ਅਤੇ ਨਾ ਵਾਪਸ ਜਾਣਗੇ।ਇਸ ਤੋਂ ਪਹਿਲਾਂ ਸਰਕਾਰ ਨਾਲ ਜੋ ਗੱਲਬਾਤ ਹੋਈ ਸੀ, ਜੇ ਸਰਕਾਰ ਮੁੜਗੱਲਬਾਤ ਕਰਨਾ ਚਾਹੁੰਦੀ ਹੈ ਤਾਂ ਜਿੱਥੋਂ ਗੱਲ ਖਤਮ ਹੋਈ, ਓਥੋਂ ਹੀ ਸ਼ੁਰੂ ਹੋਵੇਗੀ, ਨਵੇਂ ਫਰੇਮਵਰਕ ਨਾਲ ਗੱਲਬਾਤ ਨਹੀਂ ਹੋਵੇਗੀ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਉਨ੍ਹਾਂ ਨੂੰ ਕੋਰੋਨਾ ਦਾ ਸੁਪਰ ਸਪ੍ਰੈਡਰ ਕਹਿ ਰਹੀ ਹੈ, ਜਦ ਕਿ ਉਹ ਕੋਰੋਨਾ ਦੇ ਨਿਯਮਾਂ ਦੀ ਪਾਲਣਾ ਕਰ ਰਹੇ ਹਨ। ਉਨ੍ਹਾਂਕਿਹਾ ਕਿ ਸਰਕਾਰ ਕਿਸਾਨਾਂ ਦੀ ਹਿਤੈਸ਼ੀ ਨਹੀਂ ਅਤੇ ਇਸ ਦਾ ਖਮਿਆਜ਼ਾ ਉਸ ਨੂੰ ਭੁਗਤਣਾ ਪਵੇਗਾ।

# Embrace the Sounds of Asian Music at this Year's Asian Music Series

May is Asian Heritage Month, a time to recognize the history, culture, and achievements of Asian communities whose contributions continue to foster growth and prosperity across the country.

***Embrace the Sounds of Asian Music at this Year's Asian Music Series***



For the past 19 years, Small World Music's Asian Music Series has been treating audiences to the rich and diverse musical styles of Asian music. Over the next few weeks, the Asian Music Series will once again coincide with Asian and South Asian Heritage Month to celebrate music from across the Asian cultural landscape. Unlike past events, this year's lineup is virtual, free, and accessible to everyone.

***Small World Music and the Asian Music Series***

Based in Toronto, Small World Music was founded in 1997 with the goal of bringing more cultural diversity to the musical stage. "We started out with a couple of shows a year and grew to as many as 19 over a two-month periodwith a mix of emerging and some very high-profile internationally renowned artists," says Umair Jaffar, Executive Director of Small World Music. "TD has played an important role in the growth of the Asian Music Series and has been our biggest funder to date," says Jaffar. Through the TD Ready Commitment, the Bank's corporate citizenship platform, TD is supporting a series of Asian Heritage Month community initiatives in May and throughout the year. Activities include supporting arts and culture community initiatives, such as the Asian Music Seriesthat celebrate the broad diversity of Asian heritage as well as amplify and elevate underrepresented voices.

***From Entertainment Company to Social Change Agent***

Since taking over Small World's leadership two-and-a-half years ago, Jaffar has worked to refocus the organization's mission. "We realized that just playing music for the sake of entertainment, while good, is not the only purpose of this organization," says Jaffar. "Music is also a very powerful tool to heal division among people and build social cohesion."

With that end in mind, Small World Music has broadened its mission from festival organizer to a social change agent under three main pillars – Engaging Audiences, Enabling Artists, and Connecting Industry.

"Through events like the Asian Music Series not only does it give people from Asian and South Asian communities a safe place to experience their respective cultures, it broadens audience's exposure," says Jaffar. "It helps create mutual respect. It aids us in abandoning our stereotypes and overcoming racial and ethnic divisions; an important step along the path to inclusion." As part of the bigger picture, the organization has supported culturally diverse artists – many of whom are recent immigrants to Canada – get established and develop their careers. "We help them record their first album, perform their first show, and write their first grant application," says Jaffar. Some, like this year's headliner, Indo-Canadian artist HasheelLodhia, are changing the face of the Canadian music industry.

"A big challenge for me as an Indian Classical musician is access to opportunities," says Lodhia. "Society is oversaturated with mainstream content, so having more representation on these platforms, being shared online, helps me get noticed and appreciated as an artist."

Lodhia will debut his mini-documentary on his life and music called 'RaagRani', a performance about embodying the divine goddesses - Shakti and Karuna, strength and compassion. "RaagRani is not just a virtual concert, it is a window into my artistic, spiritual, and personal life," says Lodhia who identifies as queer. "No performance has been able to capture this in such an intimate way and I hope that others can truly relate to my story."

Small World also supports other community groups – including those in the Asian and South Asian communities – to flourish. "Having been fortunate enough to receive funding from the government and from TD and other supporters, we now want to empower artists through partnerships and opportunities to grow," says Jaffar.

***Music Has Power to Move and Inspire***

As Small World has found, giving opportunities to artists from diverse backgrounds can have a profound impact on people and creates a positive ripple effect in the community. "We see audience members moved to tears when hearing music performed in their own language, and one young man at an Asian Music Series event got so inspired that he established his own very successful South Asian festival.

In these difficult COVID times where India and many other South Asian countries have been particularly hard hit by the virus, arts and culture can bring comfort, solace, and community. "People with loved ones back home tell us how watching these artists perform helps with the isolation and gives them an uplifting experience," says Jaffar.

This year's lineup features local and international artists in a unique, interactive mix of song, dance, and storytelling –embracing the scope of music from across the Asian cultural landscape.

***Learn More About TD Supported Events***

Visittd.com/artsandculture- to learn more about the Asian Music Series and other events happening in your community during Asian Heritage Month supported through the TD Ready Commitment.












# ਮੋਹਾਲੀ ਦਾ ਹਾਕੀ ਸਟੇਡੀਅਮ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਨੂੰ ਸਮਰਪਿਤ ਕੀਤਾ

ਚੰਡੀਗੜ੍ਹ, 26 ਮਈ (ਪੋਸਟ ਬਿਊਰੋ)- ਪ੍ਰਸਿੱਧ ਹਾਕੀ ਖਿਡਾਰੀ ਅਤੇ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਪਹਿਲੀ ਬਰਸੀ ਮੌਕੇਕੱਲ੍ਹ ਮੋਹਾਲੀ ਦਾ ਹਾਕੀ ਸਟੇਡੀਅਮ ਉਸ ਨੂੰ ਸਮਰਪਿਤ ਕਰ ਦਿੱਤਾ ਗਿਆ।

ਕੱਲ੍ਹ ਬਲਬੀਰ ਸਿੰਘ ਸੀਨੀਅਰ ਦੀ ਪਹਿਲੀ ਬਰਸੀ ਮੌਕੇ ਪਹਿਲਾਂ ਸਟੇਡੀਅਮ ਵਿੱਚ ਸਵੇਰੇ ਉਸ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਫਿਰ ਪੰਜਾਬ ਦੇ ਖੇਡ ਮੰਤਰੀ ਨੇ ਮੋਹਾਲੀ ਦੇ ਕੌਮਾਂਤਰੀ ਹਾਕੀ ਸਟੇਡੀਅਮ ਦਾ ਨਾਂ ਪਦਮਸ਼੍ਰੀ ਬਲਬੀਰ ਸਿੰਘ ਸੀਨੀਅਰ ਦੇ ਨਾਂ ਉੱਤੇ ਰੱਖਣ ਲਈ ਕੱਲ੍ਹ ਹੀ ਮਨਜ਼ੂਰੀ ਦਿੱਤੀ ਤੇ ਉਨ੍ਹਾਂ ਵੱਲੋਂ ਹਾਕੀ ਸਟੇਡੀਅਮ ਮਹਾਨ ਖਿਡਾਰੀ ਨੂੰ ਸਮਰਪਿਤ ਕੀਤਾ ਗਿਆ। ਅੱਗੇ ਤੋਂ ਇਸ ਸਟੇਡੀਅਮ ਨੂੰ 'ਓਲੰਪੀਅਨ ਬਲਬੀਰ ਸਿੰਘ ਸੀਨੀਅਰ ਇੰਟਰਨੈਸ਼ਨਲ ਹਾਕੀ ਸਟੇਡੀਅਮ' ਵਜੋਂ ਜਾਣਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੋਵਿਡ ਦੀ ਸਥਿਤੀ ਸੁਧਰਨ ਉੱਤੇ ਇਸ ਸਟੇਡੀਅਮ ਵਿੱਚ ਮਹਾਨ ਕੌਮਾਂਤਰੀ ਹਾਕੀ ਟੂਰਨਾਮੈਂਟ ਕਰਵਾਇਆ ਜਾਵੇਗਾ। ਬਲਬੀਰ ਸਿੰਘ ਸੀਨੀਅਰ ਦੇ ਦੋਹਤੇ ਕਬੀਰ ਸਿੰਘ ਨੇ ਖੇਡ ਮੰਤਰੀ ਨੂੰ ਧੰਨਵਾਦ ਦੇ ਤੌਰ ਉੱਤੇ ਪ੍ਰਿੰਸੀਪਲ ਸਰਵਨ ਸਿੰਘ ਵੱਲੋਂ ਲਿਖੀ ਪੁਸਤਕ 'ਗੋਲਡਨ ਗੋਲ' ਵੀ ਭੇਟ ਕੀਤੀ। ਮੰਤਰੀ ਨੇ ਦੱਸਿਆ ਕਿ ਖੇਡ ਵਿਭਾਗ ਰਾਜ ਦੇ ਪ੍ਰਤਿਭਾਸ਼ਾਲੀ ਖਿਡਾਰੀਆਂ ਲਈ ਬਲਬੀਰ ਸਿੰਘ ਸੀਨੀਅਰ ਦੇ ਨਾਂ ਉੱਤੇ



ਸਕਾਲਰਸ਼ਿਪ ਸ਼ੁਰੂ ਕਰੇਗਾ ਤੇ ਉਨ੍ਹਾਂ ਦੀ ਯਾਦ ਵਿੱਚ ਸਟੇਡੀਅਮ ਵਿੱਚ ਐਂਟਰੀ ਉੱਤੇ ਇੱਕ ਮੂਰਤੀ ਲਾਈ ਜਾਵੇਗੀ।

ਵਰਣਨ ਯੋਗ ਹੈ ਕਿ ਬਲਬੀਰ ਸਿੰਘ ਸੀਨੀਅਰ ਨੇ ਤਿੰਨ ਵਾਰ ਓਲੰਪਿਕ ਚੈਂਪੀਅਨ ਬਣਨ ਲਈ ਭਾਰਤੀ ਹਾਕੀ ਟੀਮ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਤੇ ਅੱਜ ਤੱਕ ਕੋਈ ਵੀ ਉਨ੍ਹਾਂ ਦਾ ਓਲੰਪਿਕ ਫਾਈਨਲ ਦਾ ਰਿਕਾਰਡ ਨਹੀਂ ਤੋੜ ਸਕਿਆ। ਉਨ੍ਹਾਂ ਨੇ 1952 ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਵਿੱਚ ਪੰਜ ਗੋਲ ਕੀਤੇ, ਜਿਸ ਵਿੱਚ ਭਾਰਤ ਨੇ ਨੀਦਰਲੈਂਡ ਉੱਤੇ 6-1 ਨਾਲ ਜਿੱਤ ਦਰਜ ਕੀਤੀ। ਬਲਬੀਰ ਸਿੰਘ ਸੀਨੀਅਰ ਸਾਲ 1975 ਦੇ ਵਿਸ਼ਵ ਕੱਪ ਜੇਤੂ ਭਾਰਤੀ ਹਾਕੀ ਟੀਮ ਦੇ ਮੈਨੇਜਰ ਸਨ। ਉਨ੍ਹਾਂ ਨੇ ਖੇਡ ਵਿਭਾਗ, ਪੰਜਾਬ ਦੇ ਡਾਇਰੈਕਟਰ ਦੇ ਤੌਰ ਉੱਤੇਵੀ ਸੇਵਾਵਾਂ ਨਿਭਾਈਆਂ ਤੇ ਨੌਜਵਾਨਾਂ ਨੂੰ ਖੇਡ ਜਗਤ ਵੱਲ ਉਤਸ਼ਾਹਤ ਕੀਤਾ। ਪੰਜਾਬ ਸਰਕਾਰ ਨੇ ਇਸ ਮਹਾਨ ਖਿਡਾਰੀ ਨੂੰ ਸਾਲ 2019 ਵਿੱਚ ਮਹਾਰਾਜਾ ਰਣਜੀਤ ਸਿੰਘ ਐਵਾਰਡ ਦੇ ਨਾਲ ਸਨਮਾਨਤ ਕੀਤਾ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

## ਬ੍ਰਾਂਡਿਡ ਕੰਪਨੀ ਦੇ ਨਾਂਅ 'ਤੇ ਨਕਲੀ ਸੈਨੇਟਾਈਜ਼ਰ ਵੇਚਣ ਵਾਲਾ ਨੱਬੇ ਪੇਟੀਆਂ ਸਮੇਤ ਗ੍ਰਿਫਤਾਰ

ਮੋਹਾਲੀ, 26 ਮਈ (ਪੋਸਟ ਬਿਊਰੋ)- ਕੋਰੋਨਾ ਦੇ ਦੌਰ ਵਿੱਚ ਜਿੱਥੇ ਲੋਕਾਂ ਵੱਲੋਂ ਆਪਣੀ ਸੁਰੱਖਿਆ ਲਈ ਸੈਨੇਟਾਈਜ਼ਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਥੇ ਕੁਝ ਲੋਕਾਂ ਮੋਟਾ ਮੁਨਾਫਾ ਕਮਾਉਣ ਲਈ ਨਕਲੀ ਸੈਨੇਟਾਈਜ਼ਰ ਬਣਾ ਕੇ ਬਾਜ਼ਾਰ ਵਿੱਚ ਵੇਚ ਰਹੇ ਹਨ। ਅਜਿਹੇ ਇੱਕ ਵਿਅਕਤੀਨੂੰ ਮੋਹਾਲੀ ਪੁਲਸ ਨੇ ਗ੍ਰਿਫਤਾਰ ਕੀਤਾਅਤੇ ਉਸ ਦੇ ਕੋਲੋਂ ਨਕਲੀ ਸੈਨੇਟਾਈਜ਼ਰ ਦੀਆਂ ਨੱਬੇ ਪੇਟੀਆਂ ਬਰਾਮਦ ਕੀਤੀਆਂ ਹਨ। ਫੇਜ਼-1 ਪੁਲਸ ਸਟੇਸ਼ਨ ਦੀ ਟੀਮ ਵੱਲੋਂ ਫੇਜ਼-2 ਬੱਸੀ ਸਿਨੇਮਾ ਦੇ ਨੇੜਿਓਂ ਪੰਚਕੂਲਾ ਵਾਸੀ ਯਸ਼ ਗੁਪਤਾ ਨਾਂਅ ਦੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜਾ ਬ੍ਰਾਂਡਿਡ ਕੰਪਨੀ ਦੇ ਨਾਂਅ ਨਾਲ ਨਕਲੀ ਸੈਨੇਟਾਈਜ਼ਰ ਬਣਾ ਕੇ ਮੋਹਾਲੀ ਦੇ ਏਰੀਏ ਵਿੱਚ ਸਪਲਾਈ ਕਰਦਾ ਸੀ।

ਮਿਲੀ ਜਾਣਕਾਰੀ ਮੁਤਾਬਕ ਸਪੀਡ ਨੈਟਵਰਕ ਕੰਪਨੀ ਚੰਡੀਗੜ੍ਹ ਦੇ ਰੋਮੇਸ਼ ਦੱਤ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਯਸ਼ ਗੁਪਤਾ ਬ੍ਰਾਂਡਿਡ ਕੰਪਨੀ ਦੇ ਨਾਂਅ ਦੇ ਨਕਲੀ ਸੈਨੇਟਾਈਜ਼ਰ ਬਣਾ ਕੇ ਮੋਹਾਲੀ ਵਿੱਚ ਸਪਲਾਈ ਕਰਦਾ ਹੈ। ਇਸ ਦੇ ਨਾਲ ਇਹ ਵੀ ਦੱਸਿਆਕਿ ਦੋਸ਼ੀ ਆਪਣੀ ਕਾਰ ਵਿੱਚ ਮੋਹਾਲੀ ਵਿੱਚ ਨਕਲੀ ਸੈਨੇਟਾਈਜ਼ਰ ਸਪਲਾਈ ਕਰਨ ਆ ਰਿਹਾ ਹੈ। ਪੁਲਸ ਵੱਲੋਂ ਨਾਕਾਬੰਦੀ ਕਰਦੇ ਹੋਏ ਦੋਸ਼ੀ ਨੂੰ ਫੇਜ਼-2 ਬੱਸੀ ਸਿਨੇਮਾ ਕੋਲੋਂ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਛਾਪਾ ਮਾਰ ਕੇ ਦੋਸ਼ੀ ਨੂੰ ਨੱਬੇ ਪੇਟੀਆਂ ਸੈਨੇਟਾਈਜ਼ਰ ਸਮੇਤ ਗ੍ਰਿਫਤਾਰ ਕਰ ਕੇ ਉਸ ਉਤੇ ਕੇਸ ਦਰਜ ਕੀਤਾ ਹੈ।

## ਚਾਹ ਵਾਲੀ ਦੇ ਖਾਤੇ ਵਿੱਚ 41.50 ਲੱਖ ਪੁਆ ਲਏ, 6.68 ਲੱਖ ਟੈਕਸ ਪੈਣ ਉਤੇ ਹੋਇਆ ਖੁਲਾਸਾ

*** ਕੇਸ ਦਰਜ ਹੋਣ ਪਿੱਛੋਂ ਬੈਂਕ ਮੈਨੇਜਰ ਫਰਾਰ**

ਅੰਮ੍ਰਿਤਸਰ, 26 ਮਈ (ਪੋਸਟ ਬਿਊਰੋ)- ਥਾਣਾ ਸੀ ਡਵੀਜ਼ਨ ਪੁਲਸ ਨੇ ਗਲੀ ਮਸਤ ਖੂਹੀ ਚੌਕ ਮੋਨੀ ਦੀ ਵਸਨੀਕ ਰਾਜ ਕੁਮਾਰੀ ਦੀ ਸ਼ਿਕਾਇਤ ਉੱਤੇ ਪੰਜਾਬ ਨੈਸ਼ਨਲ ਬੈਂਕ ਹੰਸਲੀ ਬਾਜ਼ਾਰ ਬ੍ਰਾਂਚ ਦੇ ਸੀਨੀਅਰ ਮੈਨੇਜਰ ਹਰੀਸ਼ ਚੰਦਰ ਜੁਨੇਜਾ ਦੇ ਖਿਲਾਫ ਕੇਸ ਦਰਜ ਕੀਤਾ ਹੈ। ਦੋਸ਼ੀ ਬੈਂਕ ਮੈਨੇਜਰ ਨੇ ਬੈਂਕ ਵਿੱਚ ਚਾਹ ਦੀ ਦੁਕਾਨ ਚਲਾਉਣ ਵਾਲੀ ਰਾਜ ਕੁਮਾਰੀ ਦੇ ਬੈਂਕ ਖਾਤੇ ਵਿੱਚ ਇੱਕ ਸਾਲ ਦੇ ਅੰਦਰ 41.50 ਲੱਖ ਜਮ੍ਹਾ ਕਰਵਾ ਕੇ ਕਢਵਾ ਲਏ ਸਨ।

ਪਤਾ ਲੱਗਾ ਹੈ ਕਿ ਦੋਸ਼ੀ ਬੈਂਕ ਮੈਨੇਜਰ ਚਾਹ ਵਾਲੀ ਔਰਤ ਨੂੰ ਧੋਖੇ ਵਿੱਚ ਰੱਖ ਕੇ ਉਸ ਦਾ ਚਾਹ ਦਾ ਬਿੱਲ ਉਸ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਾਉਣ ਦੀ ਗੱਲ ਕਹਿ ਕੇ ਧੋਖੇ ਨਾਲ ਵੱਧ ਵਾਊਚਰ ਸਾਈਨ ਕਰਾਉਂਦਾ ਰਿਹਾ। ਇਸ ਦੇ ਬਾਅਦ ਔਰਤ ਨੂੰ ਇਨਕਮ ਟੈਕਸ ਵਿਭਾਗ ਨੇ ਨੋਟਿਸ ਭੇਜ ਕੇ 6.68 ਲੱਖ ਰੁਪਏ ਜਮ੍ਹਾਂ ਕਰਾਉਣ ਨੂੰ ਕਿਹਾ ਤਾਂ ਉਸ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ, ਜਿਸ ਦੀ ਜਾਂਚ ਦੇ ਬਾਅਦ ਫੌਜੀ ਸਟਰੀਟ ਮਖਦੂਮਪੁਰਾ ਨਜ਼ਦੀਕ ਲਵਲੀ ਸਵੀਟਸ ਜਲੰਧਰ ਦੇ ਵਾਸੀ ਮੈਨੇਜਰ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ ਹੈ। ਦੋਸ਼ੀ ਇਸ ਸਮੇਂ ਹੁਸ਼ਿਆਰਪੁਰ ਰੋਡ ਆਦਮਪੁਰ ਜਲੰਧਰ ਵਿੱਚ ਤੈਨਾਤ ਹੈ। ਸ਼ਿਕਾਇਤਕਰਤਾ ਰਾਜਕੁਮਾਰੀ ਦੇ ਮੁਤਾਬਕ ਦੋਸ਼ੀ ਬੈਂਕ ਮੈਨੇਜਰ ਹਰੀਸ਼ ਚੰਦਰ ਜੁਨੇਜਾ ਨੇ ਉਸ ਦੀ ਮਰਜ਼ੀ ਦੇ ਬਿਨਾਂ ਵੱਡੀਆਂ ਰਕਮਾਂ ਉਸ ਦੇ ਅਕਾਊਂਟ ਵਿੱਚ ਜਮ੍ਹਾਂ ਕਰਵਾਈਆਂਤੇ ਕਢਵਾ ਲਈਆਂ, ਜਿਸ ਕਾਰਨ ਇਨਕਮ ਟੈਕਸ ਵਿਭਾਗ ਵੱਲੋਂ ਇਨ੍ਹਾਂ ਰਕਮਾਂ ਦੇ ਬਦਲੇ ਉਸ ਨੂੰ ਪੈਨਲਟੀ ਦਾ ਨੋਟਿਸ ਭੇਜਿਆ ਗਿਆ ਹੈ।

ਪੁਲਸ ਜਾਂਚ ਮੁਤਾਬਕ ਸ਼ਿਕਾਇਤਕਰਤਾ ਰਾਜ ਕੁਮਾਰੀ ਨੇ ਆਪਣੇ ਬੈਂਕ ਖਾਤੇ ਵਿੱਚੋਂ ਤਿੰਨ ਜੂਨ 2008 ਤੋਂ ਲੈ ਕੇ ਵੀਹ ਮਾਰਚ 2009 ਤੱਕ ਕੁੱਲ 13 ਛੋਟੀਆਂ ਟ੍ਰਾਂਜੈਕਸ਼ਨ ਕੀਤੀਆਂ ਸਨ, ਜਿਸ ਵਿੱਚ ਕੁੱਲ ਰਕਮ 12366 ਕਢਵਾਏ ਗਏ ਸਨ, ਪਰ ਉਸਦੇ ਖਾਤੇ ਵਿੱਚ 41.50 ਲੱਖ ਦੀ ਟ੍ਰਾਂਜੈਕਸ਼ਨ ਕਾਰਨ ਇਨਕਮ ਟੈਕਸ ਵਿਭਾਗ ਨੇ ਉਸ ਦਾ 6,68,060 ਰੁਪਏ ਟੈਕਸ ਕੱਢ ਦਿੱਤਾ। ਦੋਸ਼ੀ ਮੈਨੇਜਰ ਨੇ ਚਾਹ ਵਾਲੀ ਅਤੇ ਬੈਂਕ ਦੇ ਨਾਲ ਧੋਖਾਧੜੀ ਕੀਤੀ ਹੈ।

## Visions of Punjab


Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com


Iqbal Mahal
Producer & Host

Serving the South Asian Community Since 1976

## BEST CANADIAN TRUCK & FORKLIFT TRAINING CENTRE

Best Canadian Truck & Forklift Training Centre
Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-


Karnail Singh

416.670.3173 | 905.799.7333
27 Edvac Dr, Brampton, ON L6S 5X8

## ਨਾਮ ਬਦਲੀ

ਮੈਂ ਗੁਰਜਿੰਦਰ ਸਿੰਘ ਸਪੁੱਤਰ ਬਲਵਿੰਦਰ ਸਿੰਘ ਪਿੰਡ ਸਰੈਣ, ਡਾਕਖਾਨਾ ਹੁਸੈਨਪੁਰ ਲਾਲੋਵਾਲ, ਤਹਿਸੀਲ ਹੁਸ਼ਿਆਰਪੁਰ (ਪੰਜਾਬ), ਕੈਨੇਡਾ ਵਿਚ 3344 Jinnies Way, London Ontario (N6LOC5), ਆਪਣੇ ਸਾਰੇ ਜਾਣਕਾਰਾਂ ਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਮੈਂ ਆਪਣਾ ਨਾਮ ਬਦਲ ਕੇ ਗੁਰਜਿੰਦਰ ਸਿੰਘ ਸਹੋਤਾ ਰੱਖ ਲਿਆ ਹੈ। ਹੁਣ ਤੋਂ ਮੈਨੂੰ ਇਸ ਨਾਮ ਨਾਲ ਜਾਣਿਆ ਜਾਵੇ। ਸੰਪਰਕ: 647-649-1700

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

**ਸੰਪਰਕ: 647-391-3365**

## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.crearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |

EXCLUSIVE FOR SALE IN WOODSTOCK



FOR SALE
EXCLUSIVE
JAMES C
CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |




KAMAL SANDHU RE/MAX GOLD REALTY INC BROKERAGE

# ਅਨਾਜ ਦੀ ਪੈਦਾਵਾਰ ਕਿੰਨੀ ਕਰੀਏ



ਅੱਜ ਸਾਡੀ ਖੇਤੀ ਦੀ ਮੁੱਖ ਸੱਮਸਿਆ ਦੇਸ਼ ਦੀ ਖੁਰਾਕੀ ਲੋੜ ਨਾਲੋ ਜਿਆਦਾ ਪੈਦਾਵਾਰ ਹੈ, ਦਰਅਸਲ ਪੈਦਾਵਾਰ ਲੋੜ ਤੋ ਜਿਆਦਾ ਭੀ ਨਹੀ ਹੈ, ਪਰ ਕਿਉਂਕਿ ਗਰੀਬੀ ਕਾਰਨ ਲੋਕ ਪੂਰੀ ਲੋੜ ਅਨੁਸਾਰ ਅਨਾਜ ਖਰੀਦ ਨਹੀ ਸਕਦੇ ਅਤੇ ਸਰਕਾਰ ਇਸ ਗੱਲ ਦਾ ਜਿਆਦਾ ਰੋਲਾ ਪਾਉਂਦੀ ਹੈ ਕਿ ਉਸਦੇ ਅੰਨ ਭੰਡਾਰੇ ਭਰੇ ਪਏ ਹਨ ਤੇ ਉਸਨੂੰ ਹੁਣ ਅਨਾਜ ਦੀ ਲੋੜ ਨਹੀ। ਇਸੇ ਕਰਕੇ ਸੀ ਏ ਸੀ ਪੀ ਸੀ (ਕਮਿਸ਼ਨ ਫਾਰ ਐਗਰੀਕਲਚਰ ਪ੍ਰੀਸਿਸ) ਨੇ ਵੀ ਧਾਨ ਦੀ ਕੀਮਤ ਵਧਾਉਣ ਦੇ ਨਾਲ ਸਿਫਾਰਸ਼ ਕੀਤੀ ਹੈ ਕਿ ਇਸ ਦੀ ਸਰਕਾਰੀ ਖਰੀਦ ਘਟਾਈ ਜਾਵੇ, ਸਿਰਫ ਲੋੜ ਮੁਤਾਬਕ ਹੀ ਖਰੀਦਿਆ ਜਾਵੇ ਕਿਉਂਕਿ ਇਸ ਦੀ ਸਾਂਭ ਸੰਭਾਲ ਤੇ ਖਰਚਾ ਬਹੁਤ ਜਿਆਦਾ ਹੋ ਜਾਂਦਾ ਹੈ। ਜੇ ਦੋਨੋ ਫਸਲਾਂ ਯਾਨੀਕੇ (ਕਣਕ, ਚੋਲ) ਦੀ ਪੈਦਾਵਾਰ ਦਾ ਹਿਸਾਬ ਲਗਾਈਏਤਾਂ ਇਸਦੀ ਪੈਦਾਵਾਰ ਵਿੱਚ ਪਿਛਲੇ 6 ਸਾਲਾ ਵਿੱਚ ਪ੍ਰਤੀ ਸਾਲ ਔਸਤਨ 6.2 ਮਿਲੀਅਨ ਟਨ ਦਾ ਵਾਧਾ ਹੀ ਹੋਇਆ ਹੈ ਜਾਂ ਕਹਿ ਲਵੋ ਕੇ 3 ਪ੍ਰਤੀਸ਼ਤ ਤੋ ਭੀ ਘੱਟ। ਜੋ ਇਹਨਾ ਦੋਨਾ ਫਸਲਾਂ ਦੀ ਸਰਕਾਰੀ ਖਰੀਦ ਹੋਈ ਹੈ ਉਸ ਵਿੱਚ ਵੀ ਵਾਧਾ ਔਸਤਨ 6 ਮਿਲੀਅਨ ਟਨ ਪ੍ਰਤੀ ਸਾਲ ਹੋਇਆ ਹੈ। ਯਾਨੀਕੇ ਜਿਨ੍ਹਾਂ ਅਨਾਜ ਵਾਧੂ ਪੈਦਾ ਹੋਇਆ ਉਹ ਸਰਕਾਰੀ ਖਰੀਦ ਵੱਲ ਚਲਾ ਗਿਆ ਪਰ 6 ਸਾਲ ਵਿੱਚ ਅਬਾਦੀ ਵਧਣ ਨਾਲ ਖਪਤ ਨਹੀ ਵਧੀ। ਇਸ ਲਈ ਤਾਂਸੰਯੁਕਤ ਰਾਸ਼ਟਰ (ੁ੍)ਦੀ ਰਿਪੋਰਟ ਮੁਤਾਬਕ 19 ਕਰੋੜ ਲੋਕ ਭੁੱਖੇ ਸਉਂਦੇ ਨੇ ਅਤੇ ੍ਨਗਾਇਰ ਨਿਦਣ ਮੁਤਾਬਕ ਅਸੀ 103 ਨੰਬਰ ਤੇ ਆਉਂਦੇ ਹਾਂ 125 ਦੇਸ਼ਾਂ ਵਿੱਚੋ।

ਅੱਜ ਕਿਸਾਨ ਅਤੇ ਕਿਸਾਨ ਜਥੇਬੰਦੀਆਂ ਦਿੱਲੀ ਦੇ ਬਾਰਡਰਾਂ ਤੇ ਬੈਠੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਲਈ ਸੰਘਰਸ਼ ਕਰ ਰਹੇ ਹਨ। ਇਸੇ ਸੰਘਰਸ਼ ਦਾ ਨਤੀਜਾ ਹੀ ਹੈ ਕਿ ਸਾਲ 2020-21 ਵਿੱਚ ਧਾਨ ਦੀ ਫਸਲ ਪਹਿਲੇ ਸਾਲ ਨਾਲੋ 8 ਪ੍ਰਤੀਸ਼ਤ ਜਿਆਦਾ ਖਰੀਦੀ ਗਈ ਅਤੇ ਕਣਕ ਦੀ ਖਰੀਦ 16 ਮਈ 2021 ਤੱਕ ਪਿਛਲੇ ਸਾਲ ਦੀ ਤੁਲਨਾ ਵਿੱਚ 25 ਪ੍ਰਤੀਸ਼ਤ ਜਿਆਦਾ ਖਰੀਦੀ ਗਈ। ਅਪ੍ਰੈਲ 2021 ਵਿੱਚ ਭਾਰਤ ਸਰਕਾਰ (ਯਾਨੀ ਢਛੀ) ਕੋਲ 77.1 ਮਿਲੀਅਨ ਟਨ ਜਾ 771 ਲੱਖ ਟਨ ਅਨਾਜ ਸੀ। ਕਿਹਾ ਜਾਂਦਾ ਹੈ ਕਿ ਸਰਕਾਰ ਨੇ 210 ਲੱਖ ਟਨ ਅਨਾਜ ਰਿਜ਼ਰਵ ਵਿੱਚ ਰੱਖਣਾ ਮਿਥਿਆ ਹੈ। ਸੋ ਉਸ ਹਿਸਾਬ ਨਾਲ ਸਰਕਾਰ ਕੋਲ ਮਿਥੇ ਤੋ ਤਕਰੀਬਨ 3.5 ਗੁਣਾ ਜਿਆਦਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਦੇਸ਼ ਦੇ ਲੋਕਾਂ ਦੀ ਆਰਥਿਕ ਹਾਲਤ ਦੇ ਮੱਧੇਨਜ਼ਰ ਅਤੇ ਕਾਨੂੰਨ ਅਨੁਸਾਰ ਸਾਨੂੰ ਕਿੰਨਾ ਅਨਾਜ ਖਰੀਦਣਾ ਚਾਹੀਦਾ ਹੈ। ਕਿਉਂਕਿ ਦੇਸ਼ ਵਿੱਚ ਸੰਤਬਰ 2013 ਤੋ ਨੈਸ਼ਨਲ ਫੂਡ ਸਕਿਓਰਿਟੀ ਐਕਟ (ਫਸ਼ਅ 2013) ਭੀ ਲਾਗੂ ਹੈ। ਮੈਡਮ ਸ਼ਵੇਤਾ ਸੈਣੀ ਅਤੇ ਅਸ਼ੋਕ ਗੁਲਾਟੀ ਦੇ ਇਕ ਪੇਪਰ "ਓਟੋਨਿਓਲ ਢੋਦ ਸ਼ਇਚੁਰਟਿ ਅਚਟ 2013- ਛਹਓਲਲਇਨਗਇਸ, ਭੁਡਡਇਰ ਸ਼ਟੋਚਕਨਿਗ ਓਨਦ ਓ ਡੋਰਾਓਰਦ" ਵਿੱਚ ਇਹ ਅਨੁਮਾਨ ਲਗਾਇਆ ਹੈ ਉਕਤ ਐਕਟ ਦੇ ਹਿਸਾਬ ਨਾਲ ਤਕਰੀਬਨ 67 ਪ੍ਰਤੀਸ਼ਤ ਅਬਾਦੀ ਨੂੰ ਪੀ ਡੀ ਐਸ ਅਧੀਨ ਸਸਤੇ ਅਨਾਜ ਦੀ ਵੰਡ ਕਰਨੀ ਪਵੇਗੀ। ਉਸ ਪੇਪਰ ਵਿੱਚ ਦੇਸ਼ ਦੀ ਅਬਾਦੀ 1210 ਮਿਲੀਅਨ ਲਈ ਗਈ ਹੈ ਅਤੇ ਉਹਨਾ ਦਸਿਆ ਹੈ ਕਿ 67 ਪ੍ਰਤੀਸ਼ਤ ਅਬਾਦੀ ਨੂੰ 61 ਮਿਲੀਅਨ ਟਨ ਅਨਾਜ ਦੀ ਲੋੜ ਪਵੇਗੀ। ਜੇ ਅੱਜ ਦੀ ਅਬਾਦੀ ਲਈਏ ਤਾਂ ਉਸ ਅੰਦਾਜੇ ਮੁਤਾਬਕ 68 ਮਿਲੀਅਨ ਟਨ ਅਨਾਜ ਦੀ ਜਰੂਰਤ ਹੈ ਪੀ ਡੀ ਐਸ ਚਾਲੂ



ਡਾ. ਅਮਨਪ੍ਰੀਤ ਸਿੰਘ ਬਰਾੜ
96537 90000

ਰੱਖਣ ਲਈ। ਉਸ ਹਿਸਾਬ ਨਾਲ ਤਾ ਜਿਨਾ ਅਨਾਜ ਸਰਕਾਰ ਖਰੀਦ ਰਹੀ ਹੈ ਉਹ ਸਰਕਾਰ ਦੀ ਜਰੂਰਤ ਹੈ। ਜੇ ਅਪਰੈਲ 2021 ਦਾ ਸਟਾਕ ਲਈਏ ਤਾਂ ਉਹ 77 ਮਿਲੀਅਨ ਟਨ ਹੈ ਤਾਂ ਸਿਰਫ 10 ਪ੍ਰਤੀਸ਼ਤ ਹੀ ਵਾਧੂ ਹੈ ਜੋ ਕੁਦਰਤੀ ਆਫਤਾਂ ਦੇ ਮੱਦੇ ਨਜ਼ਰ ਸਪਲਾਈ ਜਾਰੀ ਅਤੇ ਕੀਮਤ ਸਥਿਰ ਰੱਖਣ ਲਈ ਸਰਕਾਰ ਦੇ ਹੱਥ ਹੇਠ ਹੋਣਾ ਚਾਹੀਦਾ ਹੈ। ਕਿਉਂਕਿ ਪਿਛਲੇ ਸਾਲ 2020 ਵਿੱਚ ਮਹਾਂਮਾਰੀ ਦੌਰਾਨ ਸਰਕਾਰ ਨੇ ਅਪ੍ਰੈਲ ਤੋ ਨਵੰਬਰ ਦੇ ਮਹੀਨੇ ਵਿੱਚ ਹੀ 320 ਲੱਖ ਟਨ ਕਣਕ ਅਤੇ ਚੋਲ ਵੰਡੇ ਹਨ।

ਪਰ ਇਹ ਸਭ ਕੁਝ (ਭਫ਼ਲ, ਅਫ਼ਲ ਦੇ ਸਰਕਾਰੀ ਅੰਕੜੇ ਲੋਕਾਂ ਦੀ ਆਮਦਨ, ਰੋਜ਼ਗਾਰ, ਗਰੀਬੀ, ਅਨਾਜ ਦੀ ਪੈਦਾਵਾਰ, ਕਿਸਾਨਾ ਦੀ ਆਮਦਨ, ਭਲਾਈ ਰਾਜ ਦੀ ਧਾਰਣਾ) ਦੇ ਬਾਵਜੂਦ ਭੀ ਸਰਕਾਰ ਦੇ ਸਲਾਹ-ਕਾਰ ਅਨਾਜ ਦੇਭਰੇ ਭੰਡਾਰ ਹੋਣ ਦਾ ਦਾਅਵਾ ਕਰਕੇ ਸਰਕਾਰੀ ਖਰੀਦ ਨੂੰ ਘੱਟ ਕਰਨ ਜਾਂ ਬੰਦ ਕਰਨ ਦੇ ਸੁਝਾਅ ਦੇ ਰਹੇ ਹਨ। ਇਥੇ ਮੈਂ ਇਸ ਗੱਲ ਦਾ ਭੀ ਵਰਣਨ ਕਰਨਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਯੂਨੀਅਨ ਟੈਰੀਟਰੀਜ਼ ਜੋ ਕੇਂਦਰ ਦੇ ਸਿੱਧਿਆ ਅਧੀਨ ਹਨ ਉਥੇ ਮਾਰਕਿਟ ਰੇਟ ਅਤੇ ਪੀ ਡੀ ਐਸ ਰੇਟ ਦੇ ਫਰਕ ਦੇ ਪੈਸੇ ਗਰੀਬ ਪਰਿਵਾਰਾ ਨੂੰ ਦੇ ਰਹੇ ਹਨ। ਸਰਕਾਰ ਨੇ ਆਪਣੇ ਵਲੋਂ ਗਰੀਬ ਪਰਿਵਾਰਾ ਦੇ ਖਾਤੇ ਵਿੱਚ ਪੈਸੇ ਪਾ ਕੇ ਹੇਠਲੇ ਪੱਧਰ ਦੀ ਕੁਰਪਸ਼ਨ ਘਟਾ ਦਿਤੀ। ਪਰ ਅਸਲੀਅਤ ਵਿੱਚ ਪਰਿਵਾਰ ਭੁੱਖਾ ਰਿਹਾ। ਕਿਉਂਕਿ ਗਰੀਬੀ ਦੀ ਇਕਲੇ ਅਨਾਜ ਦੀ ਜਰੂਰਤ ਹੀ ਨਹੀ ਪੈਸੇ ਮਿਲੇ ਘਰ ਬੱਚਾ ਬੀਮਾਰ ਹੈ, ਖੰਡ ਮੁੱਕੀ ਹੈ, ਬੱਚੇ ਦੀ ਸਕੂਲ ਦੀ ਫੀਸ ਦੇਣੀ ਹੈ। ਤਨ ਢੱਕਣ ਲਈ ਕੱਪੜਾ ਚਾਹੀਦਾ ਹੈ ਆਦਿ, ਇਹ ਜਰੂਰਤ ਪੂਰੀ ਕਰਨ ਲਈ ਪੈਸੇ ਲੱਗ ਗਏ। ਪੀ ਡੀ ਐਸ ਤੋ ਕਣਕ ਚੋਲ ਮਿਲ ਜਾਂਦੇ ਤਾਂ ਘੱਟੋ ਘੱਟ ਢਿੱਡ ਤਾ ਭਰ ਜਾਂਦਾ ਸੀ।

ਹੁਣ ਗੱਲ ਰਹਿ ਗਈ ਜੋ ਵਾਧੂ ਅਨਾਜ ਦੀ ਜੇ ਮੰਨ ਭੀ ਲਈਏ ਅੱਜ ਸਾਡੇ ਕੋਲ ਲੋੜ ਤੋ ਥੋੜਾਂ ਵੱਧ ਪੈਦਾ ਹੁੰਦਾ ਹੈ। ਕਾਰਨ ਕੋਈ ਭੀ ਹੋਵੇ ਉਸ ਨੂੰ ਕਿਵੇ ਠੀਕ ਕਰੀਏ। ਅੱਜ ਜੋ ਕਿਸਾਨ ਦਿੱਲੀ ਧਰਨੇ ਤੇ ਬੈਠੇ ਹਨ ਉਹ ਇਕ ਪਰਿਵਾਰ ਵਾਂਗ ਬੈਠੇ ਹਨ ਇੱਕਠੇ ਪਕਾਉਂਦੇ ਤੇ ਖਾਂਦੇ ਹਨ ਅਤੇ ਮੋਰਚੇ ਦੇ ਫੈਸਲੇ ਭੀ ਇਕ ਜੁੱਟ ਹੋ ਕੇ ਕਰਦੇ ਹਨ। ਕਿਸਾਨ ਜਥੇਬੰਦੀਆਂ ਨੂੰ ਇਹ ਗੱਲ ਭੀ ਵਿਚਾਰਨੀ ਚਾਹੀਦੀ ਹੈ ਕੇ ਪੈਦਾਵਾਰ ਮੰਗ ਦੇ ਹਿਸਾਬ ਨਾਲ ਹੋਵੇ। ਵਿਕਸਿਤ ਦੇਸ਼ਾਂ ਵਿੱਚ ਹਰ ਫਸਲ ਉਗਾਉਣ ਵਾਲੇ ਜਿੰਮੀਦਾਰਾ ਦੀਆਂ ਐਸੋਸੀਏਸ਼ਨ ਬਣੀਆ ਹਨ, ਜੋ ਹਰ ਸਾਲ ਫੈਸਲਾ ਕਰਦੀਆਂ ਹਨ ਕਿ ਉਸ ਫਸਲ ਦਾ ਕਿੰਨਾ ਸਟਾਕ ਹੈ ਅਤੇ ਅਗਲੇ ਸਾਲ ਕਿੰਨੀ ਪੈਦਾਵਾਰ ਹੋਵੇ ਤਾਂ ਕਿ ਕੀਮਤਾ ਸਥਿਰ ਰਹਿਣ। ਕਿਸਾਨਾ ਨੂੰ ਮੁਨਾਫਾ ਤਾਂ ਹੀ ਮਿਲੇਗਾ ਜੇ ਕੀਮਤਾਂ ਸਥਿਰ ਰਹਿਣਗੀਆਂ।

ਇਸ ਵਕਤ ਜਿਹੜੇ ਕਿਸਾਨ ਧਰਨਾ ਲਾਈ ਬੈਠੇ ਹਨ ਉਹ ਪ੍ਰਤੀ ਏਕੜ ਵੱਧ ਤੋ ਵੱਧ ਪੈਦਾਵਾਰ ਕਰ ਰਹੇ ਹਨ, ਖਰਚਾ ਇਤਨਾ ਕਰ ਰਹੇ ਕਿ ਪੈਦਾਵਾਰ ਵਧਾਉਣ ਦੇ ਚੱਕਰ ਵਿੱਚ ਵਿਤੋਂ ਜਿਆਦਾ ਖਰਚਾ ਕਰ ਰਹੇ ਹਨ। ਕਾਰਨ ਫਸਲਾਂ ਸਾਲ ਵਿੱਚ 2 ਹੀ ਆਉਣੀਆ ਹਨ। ਮਿਸਾਲ ਦੇ ਤੋਰ ਖੇਤੀ ਯੂਨੀਵਰਸਿਟੀ ਦੀ ਸਿਫਾਰਿਸ਼ ਹੈ ਕਿ ਜੇਕਰ ਕਣਕ ਨੂੰ ਲੋੜੀਂਦੀ ਡੀ ਏ ਪੀ ਪਾਈ ਹੈ ਤਾਂ ਧਾਨ ਨੂੰ ਲੋੜ ਨਹੀ। ਪਰ ਕਿਸਾਨ ਫੇਰ ਵੀ ਵੱਧ ਝਾੜ ਦੇ ਚੱਕਰ ਵਿੱਚ ਕੋਈ ਅੱਧੀ ਬੋਰੀ ਕੋਈ ਇਕ ਬੋਰੀ ਪ੍ਰਤੀ ਏਕੜ ਪਾ ਦਿੰਦੇ ਹਨ। ਇਸੇ ਤਰਾਂ ਯੂਰੀਆਂ ਭੀ ਥੋੜਾ ਵਧਾਇਆ ਜਾਂਦਾ ਹੈ। ਇਸੇ ਤਰਾਂ ਅਸੀ ਸਪਰੇਅ ਭੀ ਪਹਿਲਾ ਤੋ ਹੀ ਕਰਨ ਲਗ ਜਾਂਦੇ ਹਾਂ ਕਿ ਸੁੰਡੀ ਨਾ ਲਗ ਜਾਵੇ, ਕਾਰਨ ਜਮੀਨਾਂ ਥੋੜੀਆਂ ਹਨ, ਘਰੈਲੂ ਖਰਚੇ, ਮਹਿੰਗਾਈ ਕਾਰਨ, ਆਮਦਨਨਾਲੋ ਜਿਆਦਾ ਹਨ। ਇਸੇ ਲਈ ਵੱਧ ਤੋ ਵੱਧ ਪੈਦਾਵਾਰ ਉੱਪਰ ਜ਼ੋਰ ਹੈ। ਪਰ ਸਰਕਾਰ ਇਸ ਪੈਦਾਵਾਰ ਨੂੰ ਸੁਚੱਜੇ ਢੰਗ ਨਾਲ ਸਮੇਟਨ ਦੀ ਬਜਾਏ ਕਿਸਾਨਾ ਨੂੰ ਨਿਰਉਤਸ਼ਾਹਿਤ ਕਰ ਰਹੀ ਹੈ। ਜਦੋ ਦੇਸ਼ ਵਿੱਚ ਅਨਾਜ ਦੀ ਥੋੜ ਸੀ, ਉਸ ਵਕਤ ਇੰਨਸੇਨਟਿਵ ਕੀਮਤ ਦਿਤੀ ਗਈ, ਹੁਣ ਲੋੜ ਨਹੀ ਤਾਂ ਕੀਮਤ ਬਾਕੀ ਮਹਿੰਗਾਈ ਦੇ ਮੁਤਾਬਿਕ ਨਹੀ ਦਿਤੀ ਜਾ ਰਹੀ। ਮੇਰੀ ਇੰਨੀ ਲੰਬੀ ਕਹਾਣੀ ਪਾਉਣ ਦਾ ਮਤਲਬ ਇਹ ਹੈ ਕਿ ਸਾਰੇ ਕਿਸਾਨ ਦਿੱਲੀ ਬੈਠੇ ਹੋ, ਸਿਰ ਜੋੜੋ ਅਤੇ ਐਸੀ ਵਿੱਧੀ ਉਲੀਕੋ ਕਿ ਤੁਹਾਨੂੰ ਆਪਣੀ ਉਪਜ ਦਾ ਮੁੱਲ ਲਾਹੇਵੰਦ ਮਿਲੇ। ਮਿਸਾਲ ਦੇ ਤੋਰ ਤੇ ਖਾਦਾਂ ਅਤੇ ਕੀੜੇਮਾਰ ਦਵਾਈਆ ਦੀ ਵਰਤੋ ਵਿੱਚ ਕਫਾਇਤ ਕੀਤੀ ਜਾ ਸਕਦੀ ਹੈ। ਖਾਦਾਂ ਵਿੱਚ ਘੱਟੋ ਘੱਟ 10 ਫੀਸਦੀ ਦੀ ਕਟੋਤੀ ਕੀਤੀ ਜਾ ਸਕਦੀ ਹੈ, ਕਿਉਂਕਿ ਉਪਰਲਾ ਦਸਵਾਂ ਹਿੱਸਾ ਇਕ ਰੁਪਈਆ ਖਰਚ ਕਰਕੇ ਦੋ ਰੁਪਏ ਤੋ ਵੱਧ ਨਹੀ ਦਿੰਦਾ ਅਤੇ ਜੇ ਅਸੀ ਪੈਸੇ ਵਿਆਜ ਤੇ ਲਏ ਹਨ ਤਾਂ ਇਕ ਦਾ ਸਵਾ ਤਾਂ ਵੈਸੇ ਹੀ ਲੱਗ ਗਿਆ।

ਸਾਲ 2015-16 ਵਿੱਚ ਦੇਸ਼ ਵਿੱਚ ਖਾਦਾਂ ਦੀ ਖੱਪਤ 135.76 ਕਿਲੋ / ਹੈਕਟੇਅਰ ਸੀ ਜੋ 2016-17 ਵਿੱਚ ਘੱਟ ਕੇ 123.41 ਕਿਲੋ/ਹੈਕਟੇਅਰ ਰਹਿ ਗਈ, ਜਿਹੜੀ ਹੋਲੀ ਹੋਲੀ ਵੱਧ ਕੇ 2019-20 ਵਿੱਚ 133.44 ਕਿਲੋ/ਹੈਕਟੇਅਰ ਹੋਈ ਹੈ। ਇਸੇ ਸਮੇਂ ਦੌਰਾਨ ਕਣਕ ਅਤੇ ਧਾਨ ਦੀ ਉਪਜ 190 ਮਿਲੀਅਨ ਮੀਟਰੀਕ ਟਨ ਤੋ ਵੱਧ ਕੇ 228 ਮਿਲੀਅਨ ਮੀਟਰੀਕ ਟਨ ਹੋਈ ਹੈ। ਖਾਦ ਦੀ ਵਰਤੋ ਘੱਟਣ ਨਾਲ ਕੀੜੇਮਾਰ ਜ਼ਹਿਰਾ ਤੇ ਵੀ ਅਸਰ ਹੋਵੇਗਾ, ਉਹਨਾਂ ਦੀ ਵਰਤੋ ਵੀ ਘਟੇਗੀ।

ਇਹ ਭੀ ਕਿਹਾ ਜਾਂਦਾ ਹੈ ਸਾਡੀ ਐਮ ਐਸ ਪੀ ਨਾਲੋ ਅੰਤਰਰਾਸ਼ਟਰੀ ਕੀਮਤ ਘੱਟ ਹੈ। ਉਹ ਕੀਮਤ ਤਾਂ ਹੀ ਘੱਟ ਹੈ ਕਿ ਤੁਸੀ ਮਾਰਕਿਟ ਵਿੱਚ ਖਰੀਦਣ ਨਹੀ ਗਏ। ਪਿਛਲੇ ਸਾਲ ਇਕ ਦੇਸ਼ ਤੋ ਦਾਲਾਂ ਮੰਗਵਾਈਆਂ ਸਨ, ਉਹਨਾਂ ਨੇ ਇਕਦਮ 20 ਪ੍ਰਤੀਸ਼ਤ ਕੀਮਤ ਵਧਾ ਕੇ ਤੁਹਾਨੂੰ ਦਾਲਾਂ ਭੇਜੀਆ। ਤੁਸੀ ਖੇਤੀ ਕਰਦੇ ਹੋ, ਮੇਰੇ ਨਾਲੋ ਸਿਆਣੇ ਹੋ। ਇਸ ਵਕਤ ਅਨਾਜ ਦੀ ਲੋੜ ਅਤੇ ਉਪਜ ਵਿਚ ਬਹੁਤ ਅੰਤਰ ਨਹੀ ਹੈ। ਪਰ ਕਿਸੇ ਢੰਗ ਨਾਲ ਆਪਣੀ ਉਪਜ ਦੀ ਲੋੜ ਮਹਿਸੂਸ ਕਰਵਾਉ। ਸਰਕਾਰ ਨੂੰ ਭੀ ਚਾਹੀਦਾ ਹੈ ਕਿ ਦੂਰ ਅੰਦੇਸ਼ੀ ਤੋ ਕੰਮ ਲਵੇ। ਨਿਰੇ ਪੂਰੇ ਅਨਾਜ ਦੀ ਸੰਭਾਲ ਦੇ ਖਰਚੇ ਦੱਸ ਦੱਸ ਕੇ ਅਨਾਜ ਨੂੰ ਲੱਤ ਨਾ ਮਾਰੇ। ਪੁਰਾਣੀ ਕਹਾਵਤ ਹੈ ਕਿ ਜਿਸਦੀ ਕੋਠੀ ਦਾਣੇ, ਉਸ ਦੇ ਕਮਲੇ ਭੀ ਸਿਆਣੇ।

# ਪੰਜਾਬ ਦੀ ਸਿਆਸਤ ਅਤੇ 2022 ਦੀਆਂ ਚੋਣਾਂ

–ਜਗਰੂਪ ਸਿੰਘ ਸੇਖੋਂ

ਪੰਜਾਬ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਅੱਜ ਤੱਕ ਦੀਆਂ ਚੋਣਾਂ ਦੇ ਮੁਕਾਬਲੇ ਕੁਝ ਵੱਧ ਦਿਲਚਸਪ ਲੱਗ ਰਹੀਆਂ ਹਨ। ਇਸ ਦੇ ਕਈ ਕਾਰਨ ਹਨ। ਜਿਵੇਂ ਅਗਲੀਆਂ ਚੋਣਾਂ ਵਿੱਚ ਪੰਜਾਬ ਦੀਆਂ ਸਾਰੀਆਂ ਵੱਡੀਆਂ ਸਿਆਸੀ ਧਿਰਾਂ ਭਾਵ ਕਾਂਗਰਸ, ਅਕਾਲੀ, ਆਪ, ਬੀ ਜੇ ਪੀ ਅਤੇ ਹੋਰਾਂ ਵੱਲੋਂ ਮੌਜੂਦਾ ਕਿਸਾਨੀ ਸੰਘਰਸ਼ ਅਤੇ ਕੋਰੋਨਾ (ਕੋਵਿਡ-19) ਦੀ ਮਹਾਮਾਰੀ ਵਿੱਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਦੀ ਪਰਖ ਦੀ ਘੜੀ ਹੈ। ਪੰਜਾਬ ਦੀਆਂ ਇਹ ਸਾਰੀਆਂ ਧਿਰਾਂ ਤੇ ਕੁਝ ਹੋਰ ਨਵੇਂ ਉਭਰਦੇ ਦਲ ਇੱਕ ਦੂਜੇ ਉੱਤੇ ਚਿੱਕੜ ਸੁੱਟ ਕੇ ਇਨ੍ਹਾਂ ਚੋਣਾਂ ਵਿੱਚ ਰਾਜਸੀ ਲਾਹਾ ਲੈਣ ਦੀ ਪੂਰੀ ਕੋਸ਼ਿਸ਼ ਤੇ ਜੋੜ-ਤੋੜ ਵੀ ਕਰਨਗੇ। ਪਿੱਛੇ ਜਿਹੇ ਹੋਈਆਂ ਚਾਰ ਰਾਜਾਂ ਤੇ ਇੱਕ ਕੇਂਦਰੀ ਸ਼ਾਸਿਤ ਪ੍ਰਦੇਸ਼ ਦੀਆਂ ਚੋਣਾਂ ਨੇ ਸਿੱਧ ਕੀਤਾ ਹੈ ਕਿ ਵਿਰੋਧੀਆਂ ਉਤੇ ਚਿੱਕੜ ਸੁੱਟਣਾ, ਲੋਕ ਲੁਭਾਊ ਅਤੇ ਝੂਠੇ ਲਾਰੇ ਲਾਉਣਾ, ਪਾਰਟੀ ਦਾ ਕਮਜ਼ੋਰ ਜਥੇਬੰਦਕ ਢਾਂਚਾ, ਤਾਕਤ ਨਾਲ ਸੱਤਾ ਹਾਸਲ ਕਰਨ ਦੇ ਯਤਨ ਆਦਿ ਦੇ ਦਿਨ ਚਲੇ ਗਏ। ਆਮ ਲੋਕਾਂ ਦਾ ਲਗਾਤਾਰ ਸੰਕਟ ਦਾ ਸਾਹ-ਮਣਾ ਕਰਨਾ ਤੇ ਮੌਜੂਦਾ ਹਾਕਮਾਂ ਦੇ ਲੋਕਾਂ ਦੀਆਂ ਸਮੱਸਿਆ ਵੱਲ ਅਸੰਵੇਦਨਸ਼ੀਲ ਰਵੱਈਏ ਤੇ ਕਿਰਦਾਰ ਨੇ ਲੋਕਾਂ ਦੇ ਮਨਾਂ ਵਿੱਚ ਸਿਆਸੀ ਜਮਾਤਾਂ ਲਈ ਨਫਰਤ ਭਰ ਦਿੱਤੀ ਹੈ। ਦੂਜੇ ਪਾਸੇ ਇਹ ਤ੍ਰਾਸਦੀ ਆਮ ਲੋਕਾਂ ਲਈ ਬਹੁਤ ਵੱਡਾ ਸਿਆਸੀ ਸਮਾਜੀਕਰਨ ਦਾ ਸਾਧਨ ਹੋ ਗਈ ਹੈ। ਇਸ ਵਿੱਚ ਵੱਡਾ ਯੋਗਦਾਨ ਕਿਸਾਨੀ ਅੰਦੋਲਨ, ਸਰਕਾਰਾਂ ਦੇ ਜ਼ੁਲਮ ਖਿਲਾਫ ਉੱਠਦੀਆਂ ਆਵਾਜ਼ਾਂ ਤੇ ਕੋਰੋਨਾ ਦੀ ਮਹਾਮਾਰੀ ਵਿੱਚ ਸਰਕਾਰਾਂ ਦਾ ਵਰਤਾਰਾ ਲੋਕਾਂ ਵਿੱਚ ਨਵੀਂ ਚੇਤਨਾ ਪੈਦਾ ਕਰ ਰਹੇ ਹਨ।

ਪਿਛਲੇ ਸਾਲ ਲਿਖੇ ਲੇਖ ਵਿੱਚ ਮੈਂ ਪੰਜਾਬ ਦੀ ਕਾਂਗਰਸ ਸਰਕਾਰ ਦੇ ਅਗਲੇ ਪੈਂਡੇ ਔਖੇ ਹੋਣ ਦੀ ਗੱਲ ਕਹੀ ਤਾਂ ਕੁਝ ਸਿਆਸਤਦਾਨਾਂ ਵੱਲੋਂ ਉਠਾਏ ਮੁੱਦਿਆਂ ਦੀ ਗੱਲ ਕੀਤੀ ਸੀ। ਸਾਲ ਬਾਅਦ ਸਰਕਾਰ ਦੀ ਹਾਲਤ ਪਤਲੀ ਹੋਈ ਹੈ ਤੇ ਪਿਛਲੇ ਸਾਲ ਉਠੇ ਮੁੱਦਿਆਂ ਨੇ ਕਾਫੀ ਗੰਭੀਰ ਸਿਆਸੀ ਸਮੱਸਿਆ ਪੈਦਾ ਕਰ ਦਿੱਤੀ ਹੈ। ਮੌਜੂਦਾ ਸਰਕਾਰ ਦੇ ਚਾਰ ਸਾਲ ਦੇ ਸਮੇਂ ਵਿੱਚ ਭਾਵੇਂ ਪਿਛਲੀ ਅਕਾਲੀ-ਭਾਜਪਾ (2007 ਤੋਂ 2017) ਸਰਕਾਰ ਨਾਲੋਂ ਕਈ ਪੱਖਾਂ ਤੋਂ ਚੰਗੀ ਕਾਰਗੁਜ਼ਾਰੀ ਦਾ ਵਿਖਾਵਾ ਕੀਤਾ ਗਿਆ ਹੈ ਜਿਸ ਵਿੱਚ ਖਾਸ ਕਰ ਕੇ ਵਿੱਤੀ ਨਿਜ਼ਾਮ ਦੇ ਪ੍ਰਬੰਧ ਵਿੱਚ ਸੁਧਾਰ ਦੀ ਪਹਿਲ ਹੋਈ ਹੈ, ਪਰ ਇਸ ਦੇ ਨਾਲ ਪਿੰਡ, ਤਹਿਸੀਲ, ਪੁਲਸ ਸਟੇਸ਼ਨ ਤੇ ਜ਼ਿਲੇ ਪੱਧਰ ਤੇ ਲੋਕਾਂ ਦਾ ਵਾਹ ਪੈਣ ਵਾਲੀਆਂ ਸੰਸਥਾਵਾਂ ਦੇ ਕੰਮਕਾਜ ਵਿੱਚ ਕੋਈ ਫਰਕ ਨਹੀਂ ਪਿਆ। ਭ੍ਰਿਸ਼ਟਾਚਾਰ ਤੇ ਧੱਕੇਸ਼ਾਹੀ ਉਸੇ ਤਰ੍ਹਾਂ ਹੈ। ਅਜੇ ਤੱਕ ਸ਼ਰਾਬ, ਨਸ਼ਾ, ਰੇਤ ਤੇ ਮਾਈਨਿੰਗ ਮਾਫੀਆ ਸਰਕਾਰੀ ਤੰਤਰ ਦੀ ਸਹਿਮਤੀ ਨਾਲ ਚੱਲ ਰਹੇ ਹਨ, ਭਾਵੇਂ ਕਾਗਜ਼ਾਂ ਵਿੱਚ ਇਸ ਬਾਰੇ ਕੁਝ ਚੰਗੇ ਤੱਥ ਮਿਲਦੇ ਹਨ। ਪਿਛਲੇ ਸਮੇਂ ਵਿੱਚ



ਨਕਲੀ ਸ਼ਰਾਬ ਨਾਲ ਹੋਈਆਂ ਵੱਡੀ ਗਿਣਤੀ ਵਿੱਚ ਮੌਤਾਂ ਇਸ ਗੱਲ ਦਾ ਸਬੂਤ ਹਨ।

ਫਰਵਰੀ 2022 ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਮੌਜੂਦਾ ਕੈਪਟਨ ਸਰਕਾਰ ਨੂੰ ਕਾਂਗਰਸ ਦੀ ਪਿੱਛੇ ਜਿਹੇ ਦੀਆਂ ਚਾਰ ਰਾਜਾਂ ਅਤੇ ਇੱਕ ਕੇਂਦਰੀ ਸ਼ਾਸ਼ਿਤ ਪ੍ਰਦੇਸ਼ ਵਿੱਚ ਹਾਰ, ਬੇਹੱਦ ਕਮਜ਼ੋਰ ਕੇਂਦਰੀ ਲੀਡਰਸ਼ਿਪ, ਪੰਜਾਬ ਦੀ ਕਾਂਗਰਸ ਪਾਰਟੀ ਤੇ ਸਰਕਾਰ ਵਿੱਚ ਅੱਤ ਦਰਜੇ ਦੀ ਧੜੇਬੰਦੀ, ਮੁੱਖ ਮੰਤਰੀ ਦੀ ਕਾਰਜਸ਼ੈਲੀ, ਤਾਕਤ ਦਾ ਕੇਂਦਰੀਕਰਨ, ਸਰਕਾਰ ਵੱਲੋਂ ਕੀਤੇ ਕੁਝ ਚੰਗੇ ਕੰਮਾਂ ਨੂੰ ਲੋਕਾਂ ਵਿੱਚ ਹੇਠਲੇ ਪੱਧਰ 'ਤੇ ਪੁਚਾਉਣ ਦੀ ਅਸਮਰੱਥਾ, ਪਿਛਲੀਆਂ ਚੋਣਾਂ ਵਿੱਚ ਧਾਰਮਿਕ ਮੁੱਦਿਆਂ ਨੂੰ ਚੁੱਕ ਕੇ ਅਤੇ ਧਾਰਮਿਕ ਗ੍ਰੰਥਾਂ ਦੀ ਸਹੁੰ ਖਾ ਕੇ ਕੀਤੇ ਵਾਅਦੇ ਤੇ ਫਿਰ ਉਸ 'ਤੇ ਪੂਰੇ ਨਾ ਉਤਰਨ ਲਈ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਸਮੇਂ ਭਾਵੇਂ ਕਾਂਗਰਸ ਦੇ ਸਾਹਮਣੇ ਕੋਈ ਵੱਡੀ ਸਿਆਸੀ ਚੁਣੌਤੀ ਦੀ ਅਣਹੋਂਦ ਦਿਸਦੀ ਹੈ, ਕਿਉਂਕਿ ਵੱਡੀਆਂ ਧਿਰਾਂ ਖਾਸ ਕਰ ਕੇ ਅਕਾਲੀ ਦਲ ਪਹਿਲਾਂ ਨਾਲੋਂ ਵੱਡੇ ਸੰਕਟ ਵਿੱਚ ਗੁਜ਼ਰ ਰਿਹਾ ਹੈ। ਇਸ ਦੀ ਹਾਲਤ ਪਹਿਲਾਂ ਤੋਂ ਵੀ ਮਾੜੀ ਹੋ ਗਈ ਹੈ। ਪਹਿਲਾਂ ਕਿਸਾਨੀ ਬਿੱਲਾਂ ਦੀ ਖੁੱਲ੍ਹ ਕੇ ਹਮਾਇਤ ਕਰਨੀ, ਲੰਮਾ ਸਮਾਂ ਸੱਤਾ ਦਾ ਸੁੱਖ ਭੋਗਣਾ ਤੇ ਫਿਰ ਲੋਕਾਂ ਦੇ ਭਾਰੀ ਦਬਾਅ ਥੱਲੇ ਬੀ ਜੇ ਪੀ ਨਾਲੋਂ ਵੱਖਰਾ ਹੋਣਾ ਤੇ ਇਸ ਤੋਂ ਬਾਅਦ ਅੱਜ ਤੱਕ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਅਸਮਰੱਥਾ ਇਸ ਦੀ ਕਮਜ਼ੋਰੀ ਹੈ। ਆਮ ਆਦਮੀ ਪਾਰਟੀ ਭਾਵੇਂ ਇਸ ਸਮੇਂ ਲੋਕਾਂ ਦੀ ਸੋਚ ਵਿੱਚ ਜਗ੍ਹਾ ਬਣਾ ਰਹੀ ਹੈ, ਪਰ ਇਸ ਦੀ ਸਭ ਤੋਂ ਵੱਡੀ ਚੁਣੌਤੀ ਅਤੇ ਕਮਜ਼ੋਰੀ ਇਸ ਦੇ ਜਥੇਬੰਦਕ ਢਾਂਚੇ ਦੀ ਅਣਹੋਂਦ ਤੇ ਲੋਕਤੰਤਰੀ ਪਰੰਪਰਾ ਦੀ ਘਾਟ ਹੈ। ਇਹ ਪਾਰਟੀ ਅਜੇ ਵੀ ਦਿੱਲੀ ਦਰਬਾਰ ਦੀ ਕਠਪੁਤਲੀ ਹੈ ਤੇ ਇਸ ਵਿੱਚ ਸੂਝਵਾਨ ਅਤੇ ਲੋਕਾਂ ਨਾਲ ਖੜ੍ਹੇ ਹੋਣ ਵਾਲੇ ਵੱਡੇ ਕੱਦ ਦੇ ਆਗੂਆਂ ਦੀ ਘਾਟ ਹੈ। ਇਹ ਵੀ ਵੱਡੀ ਪੱਧਰ ਉਤੇ ਧੜੇਬੰਦੀ ਦਾ ਸ਼ਿਕਾਰ ਹੈ। ਇਸ ਦੇ ਨਾਲ ਦੂਸਰੀ ਵੱਡੀ ਪਾਰਟੀ ਬੀ ਜੇ ਪੀ ਦੀ ਹਾਲਤ ਕਿਸਾਨੀ ਸੰਘਰਸ਼ ਨੇ ਬਹੁਤ ਨਿਰਾਸ਼ਾਜਨਕ ਕਰ ਦਿੱਤੀ ਹੈ ਜਿਸ ਦਾ ਅੰਦਾਜ਼ਾ ਪੰਜਾਬ ਵਿੱਚ ਪਿੱਛੇ ਜਿਹੇ ਹੋਈਆਂ ਸ਼ਹਿਰੀ ਖੇਤਰਾਂ ਦੀਆਂ ਚੋਣਾਂ ਤੇ ਇਸ ਪਾਰਟੀ ਦੇ ਲੀਡਰਾਂ ਦਾ ਲੋਕਾਂ ਵੱਲੋਂ ਲਗਾਤਾਰ ਵਿਰੋਧ ਤੋਂ ਲਾਇਆ ਜਾ ਸਕਦਾ ਹੈ। ਹੋਰ ਸਿਆਸੀ ਧਿਰਾਂ ਜਿਨ੍ਹਾਂ ਵਿੱਚ ਨਵੇਂ ਬਣੇ ਅਕਾਲੀ ਦਲ ਸ਼ਾਮਲ ਹਨ, ਇਨ੍ਹਾਂ ਚੋਣਾਂ ਵਿੱਚ ਵੱਡੀਆਂ ਪਾਰਟੀਆਂ ਦਾ ਥੋੜ੍ਹਾ ਬਹੁਤ ਕੁਝ ਵਿਗਾੜ ਸਕਦੇ ਹਨ, ਪਰ ਇਨ੍ਹਾਂ ਵਿੱਚੋਂ ਅਜੇ ਕਿਸੇ ਕੋਲ ਵੱਡੇ ਪਸਾਰਾਂ ਵਾਲੀ ਸਮਰੱਥਾ ਨਹੀਂ ਹੈ।

ਪੰਜਾਬ ਦੇ ਵਾਸੀ ਜਾਣਦੇ ਹਨ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸਫਲਤਾ ਦਾ ਮੁੱਖ ਕਾਰਨ ਅਕਾਲੀ-ਭਾਜਪਾ ਦੀ ਦਸ ਸਾਲ ਦੀ ਅਰਾਜਕਤਾ ਸੀ, ਜਿਸ ਤੋਂ ਲੋਕ ਬੁਰੀ ਤਰ੍ਹਾਂ ਅੱਕ ਚੁੱਕੇ ਸਨ। ਲੋਕਾਂ ਸਾਹਮਣੇ ਉਸ ਸਮੇਂ ਦੋ ਧਿਰਾਂ ਸਨ, ਜਿਨ੍ਹਾਂ ਨੂੰ ਉਹ ਚੁਣ ਸਕਦੇ ਸਨ, ਇੱਕ ਕਾਂਗਰਸ ਅਤੇ ਦੂਜੀ ਆਮ ਆਦਮੀ ਪਾਰਟੀ। ਲੋਕਾਂ ਨੇ ਕਾਂਗਰਸ ਉਤੇ ਭਰੋਸਾ ਪ੍ਰਗਟ ਕੀਤਾ। ਆਮ ਆਦਮੀ ਪਾਰਟੀ ਚੋਣਾਂ ਤੋਂ ਪਹਿਲਾਂ ਲੋੜ ਤੋਂ ਵੱਧ ਆਸਵੰਦ ਦਿਖਾਈ ਦਿੱਤੀ, ਕਿਉਂਕਿ 2014 ਦੀਆਂ ਪਾਰਲੀਮੈਂਟ ਚੋਣਾਂ ਵਿਚ ਪਾਰਟੀ ਬਿਨਾਂ ਕਿਸੇ ਖਾਸ ਯਤਨ ਦੇ ਪੰਜਾਬ ਤੋਂ ਚਾਰ ਸੀਟਾਂ ਜਿੱਤ ਗਈ ਸੀ। ਮਗਰੋਂ ਵਾਪਰੇ ਘਟਨਾਕ੍ਰਮ ਰਾਹੀਂ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਵਿੱਚੋਂ ਚੁਣੇ ਹੋਏ ਕੁਝ ਹਰਮਨ ਪਿਆਰੇ ਨੁਮਾਇੰਦਿਆਂ ਨੂੰ ਗੁੱਠੇ ਲਾ ਕੇ 2017 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਲੀਡਰਸ਼ਿਪ ਦਿੱਲੀ ਅਤੇ ਯੂ ਪੀ ਤੋਂ ਆਏ ਹੋਏ ਲੀਡਰਾਂ ਨੂੰ ਦੇ ਦਿੱਤੀ। ਇਨ੍ਹਾਂ ਲੀਡਰਾਂ ਦੇ ਉਸ ਸਮੇਂ ਵਿੱਚ ਨਿਭਾਏ ਕਿਰਦਾਰ ਅਤੇ ਟਿਕਟਾਂ ਦੀ ਵੰਡ ਤੇ ਆਪਹੁਦਰੇਪਣ ਨੇ ਪਾਰਟੀ ਨੂੰ ਲੋਕਾਂ ਦੀਆਂ ਨਜ਼ਰਾਂ ਵਿੱਚ ਸ਼ੱਕ ਦੇ ਘੇਰੇ ਵਿੱਚ ਲੈ ਆਂਦਾ। ਇਸ ਕਰ ਕੇ ਕਾਂਗਰਸ ਦੀ ਪਿਛਲੀ ਜਿੱਤ ਵਿੱਚ ਅਕਾਲੀ ਅਤੇ ਆਮ ਆਦਮੀ ਪਾਰਟੀ ਵੀ ਕਾਫੀ ਹੱਦ ਤੱਕ ਜ਼ਿੰਮੇਵਾਰ ਹਨ। ਕਾਫੀ ਗਿਣਤੀ ਅਤੇ ਵੋਟਰ ਵੋਟ ਪਾਉਣ ਵੇਲੇ ਅਖੀਰਲੇ ਸਮੇਂ ਤੱਕ ਪਾਰਟੀ, ਲੀਡਰ, ਪਾਰਟੀ ਦੀਆਂ ਨੀਤੀਆਂ ਆਦਿ ਨੂੰ ਆਪਣੇ ਧਿਆਨ ਵਿੱਚ ਰੱਖਦੇ ਹਨ।

2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਬਹੁਤ ਥੋੜ੍ਹੇ ਫਰਕ ਨਾਲ ਹਾਰੀ ਸੀ। ਇਸ ਦਾ ਮੁੱਖ ਕਾਰਨ ਕਾਂਗਰਸ ਦੀ ਇਹ ਸੋਚ ਸੀ ਕਿ ਇਸ ਵਾਰੀ ਲੋਕਾਂ ਨੇ ਇਸੇ ਨੂੰ ਸੱਤਾ ਦੇਣੀ ਹੈ। ਪੰਜਾਬ ਕਾਂਗਰਸ ਦੀ ਅਗਵਾਈ ਕਰ ਰਹੇ ਅਮਰਿੰਦਰ ਸਿੰਘ ਦਾ ਲੋੜ ਤੋਂ ਵੱਧ ਆਤਮਵਿਸ਼ਵਾਸ, ਸਥਾਨਕ ਨੇਤਾਵਾਂ ਦਾ ਆਪਹੁਦਰਾਪਣ, ਵੱਡੀ ਗਿਣਤੀ ਵਿੱਚ ਬਾਗੀ ਉਮੀਦਵਾਰਾਂ ਦਾ ਖੜ੍ਹਾ ਹੋਣਾ ਇਨ੍ਹਾਂ ਚੋਣਾਂ ਵਿੱਚ ਪਾਰਟੀ ਨੂੰ ਬਹੁਤ ਮਹਿੰਗਾ ਪਿਆ ਸੀ, ਜਿਸ ਦਾ ਖਮਿਆਜ਼ਾ ਨਾ ਸਿਰਫ ਕਾਂਗਰਸ, ਬਲਕਿ ਪੰਜਾਬ ਦੇ ਲੋਕਾਂ ਨੂੰ ਵੀ ਭੁਗਤਣਾ ਪਿਆ।

2017 ਦੀਆਂ ਚੋਣਾਂ ਤੋਂ ਪਹਿਲੋਂ ਸਾਰੀਆਂ ਵੱਡੀਆਂ ਰਾਜਸੀ ਪਾਰਟੀਆਂ ਨੇ ਧਾਰਮਿਕ ਮੁੱਦਿਆਂ ਨੂੰ ਬਹੁਤ ਜ਼ੋਰ-ਸ਼ੋਰ ਨਾਲ ਉਠਾਇਆ ਅਤੇ ਅਮਰਿੰ-ਦਰ ਸਿੰਘ ਨੇ ਵੀ ਉਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦਾ ਵਾਅਦਾ ਕੀਤਾ ਸੀ। ਚੋਣਾਂ ਤੋਂ ਬਾਅਦ ਕੀਤੇ ਸਰਵੇ ਦੇ ਅੰਕੜੇ ਦੱਸਦੇ ਹਨ ਕਿ ਧਾਰਮਿਕ ਮੁੱਦੇ ਕਦੇ ਵੀ ਲੋਕਾਂ ਦੇ ਵੋਟ ਪਾਉਣ ਦੇ ਫੈਸਲੇ ਤੇ ਖਾਸ ਅਸਰ ਨਹੀਂ ਪਾਉਂਦੇ। ਕੁਲ ਸਰਵੇ ਕੀਤੇ (3032) ਵੋਟਰਾਂ ਵਿੱਚੋਂ ਕੇਵਲ ਦੋ ਫੀਸਦੀ ਲੋਕਾਂ ਨੇ ਹੀ ਇਹ ਦੱਸਿਆ ਕਿ ਉਨ੍ਹਾਂ ਨੇ ਧਾਰਮਿਕ ਬੇਅਦਬੀ ਦੇ ਵਾਕਿਆ ਨੂੰ ਸਾਹਮਣੇ ਰੱਖ ਕੇ ਵੋਟ ਪਾਈ ਹੈ। ਵੱਡੀ ਗਿਣਤੀ ਵਿੱਚ ਲੋਕਾਂ ਨੇ ਆਰਥਿਕ, ਸਮਾਜਕ ਆਦਿ ਮੁੱਦਿਆਂ ਨੂੰ ਧਿਆਨ ਵਿੱਚ ਰੱਖ ਕੇ ਆਪਣੀ ਵੋਟ ਦੀ ਵਰਤੋਂ ਕੀਤੀ। ਇੱਥੇ ਦੱਸਣਾ ਬਣਦਾ ਹੈ ਕਿ ਜਦੋਂ ਲੋਕਾਂ ਨੂੰ ਇਹ ਪੁੱਛਿਆ ਗਿਆ ਕਿ ਵੋਟ ਪਾਉਣ ਵੇਲੇ ਕਿਹੜਾ ਮੁੱਦਾ ਤੁਹਾਡੇ ਮਨ ਤੇ ਸਭ ਤੋਂ ਵੱਧ ਭਾਰੂ ਸੀ ਤਾਂ ਉਨ੍ਹਾਂ ਦੇ ਜਵਾਬ ਮੁਤਾਬਕ ਤਰੱਕੀ (20 ਫੀਸਦੀ), ਬੇਰੁਜ਼ਗਾਰੀ (20 ਫੀਸਦੀ), ਨਸ਼ਾ (13 ਫੀਸਦੀ), ਮਹਿੰਗਾਈ (6 ਫੀਸਦੀ), ਰਿਸ਼ਵਤਖੋਰੀ (6 ਫੀਸਦੀ) ਮੁੱਖ ਸਨ। ਧਾਰਮਿਕ ਮੁੱਦਿਆਂ ਨੂੰ ਸਾਹਮਣੇ ਰੱਖ ਕੇ ਵੋਟ ਪਾਉਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਸੀ।

ਜ਼ਾਹਿਰ ਹੈ ਕਿ ਅਗਲੀਆਂ ਚੋਣਾਂ ਵਿੱਚ ਲੋਕ ਜੀਵਨ ਨਿਰਬਾਹ ਨਾਲ ਸੰਬੰਧਤ ਮਸਲਿਆਂ ਨੂੰ ਤਰਜੀਹ ਦੇਣਗੇ। ਇਸ ਤੋਂ ਇਲਾਵਾ ਲੱਗਦਾ ਹੈ ਕਿ ਕਾਂਗਰਸ ਦੀ ਅੰਦਰੂਨੀ ਫੁੱਟ, ਖਾਸ ਕਰ ਕੇ ਕੁਝ ਨੇਤਾਵਾਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਵਿਰੁੱਧ ਖੁੱਲ੍ਹੀ ਬਗਾਵਤ ਤੇ ਕੈਪਟਨ ਵੱਲੋਂ ਲੋਕਾਂ ਨਾਲ ਪਿਛਲੀਆਂ ਚੋਣਾਂ ਸਮੇਂ ਕੀਤੇ ਜਜ਼ਬਾਤੀ ਵਾਅਦੇ, ਖਾਸ ਕਰ ਕੇ ਧਾਰਮਿਕ ਬੇਅਦਬੀਆਂ ਦੇ ਮਾਮਲੇ ਵਿੱਚ ਦੋਸ਼ੀ ਸਿਆਸਤਦਾਨ ਤੇ ਪੁਲਸ ਵਾਲਿਆਂ ਨੂੰ ਢੁੱਕਵੀਂ ਸਜਾ ਦਿਵਾਉਣ ਦੀ ਸਹੁੰ ਆਦਿ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਪਾਰਟੀ ਲਈ ਵੱਡਾ ਨੈਤਿਕ ਤੇ ਸਿਆਸੀ ਸੰਕਟ ਬਣ ਚੁੱਕਾ ਹੈ।

ਪੰਜਾਬ ਵਿੱਚ ਰਾਜ ਕਰਦੀ ਕਾਂਗਰਸ ਨੂੰ ਵੱਡੀ ਸਿਆਸੀ ਚੁਣੌਤੀ ਕਿਸੇ ਹੋਰ ਪਾਰਟੀ ਤੋਂ ਵੱਧ ਅੰਦਰੂਨੀ ਧੜੇਬੰਦੀ ਤੇ ਖਾਨਾਜੰਗੀ ਤੋਂ ਹੈ। ਜਦੋਂ ਇੱਕ ਸਾਲ ਪਹਿਲਾਂਪ੍ਰਗਟ ਸਿੰਘ ਨੇ ਚਾਰ ਸਫਿਆਂ ਦੀ ਚਿੱਠੀ ਲਿਖ ਕੇ ਅਮਰਿੰਦਰ ਸਿੰਘ ਨੂੰ 2017 ਤੋਂ ਪਹਿਲਾਂ ਕੀਤੇ ਵਾਅਦੇ, ਸਰਕਾਰੀ ਤੰਤਰ ਵਿੱਚ ਆਈਆਂ ਖਾਮੀਆਂ ਦੀ ਯਾਦ ਦਿਵਾਈ ਸੀ ਤਾਂ ਬਹੁਤ ਘੱਟ ਲੋਕਾਂ ਨੇ ਉਸ ਵੱਲੋਂ ਉਠਾਏ ਮੁੱਦਿਆਂ ਦਾ ਨੋਟਿਸ ਲਿਆ ਸੀ, ਅੱਜ ਵੱਡੀ ਗਿਣਤੀ ਵਿੱਚ ਮੰਤਰੀ, ਵਿਧਾਇਕ, ਪਾਰਲੀਮੈਂਟ ਮੈਂਬਰ ਤੇ ਹੋਰ ਬਹੁਤ ਸਾਰੇ ਪਾਰਟੀ ਅਹੁਦੇਦਾਰ ਕੁਝ ਉੱਚੀ ਆਵਾਜ਼ ਵਿੱਚ ਤੇ ਕੁਝ ਘੁਸਰ-ਮੁਸਰ ਕਰ ਕੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾ ਰਹੇ ਹਨ। ਇਸ ਖਾਨਾਜੰਗੀ ਦਾ ਅਸਰ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਤੇ ਜ਼ਰੂਰ ਦਿਖਾਈ ਦੇਵੇਗੀ।

ਇਹ ਧਾਰਨਾ ਬਣ ਰਹੀ ਹੈ ਕਿ ਪੰਜਾਬ ਵਿੱਚ ਰਾਜ ਕਰਦੀਆਂ ਧਿਰਾਂ ਦੇ ਵੱਡੇ ਲੀਡਰ ਇੱਕ ਦੂਜੇ ਨੂੰ ਬੜੀ ਚਲਾਕੀ ਨਾਲ ਬਚਾਉਂਦੇ ਰਹੇ ਹਨ ਅਤੇ ਬਚਾਅ ਰਹੇ ਹਨ। ਕਾਂਗਰਸ ਤੇ ਅਕਾਲੀਆਂ ਦੇ ਰਾਜ ਵਿੱਚ ਬੱਸ ਇੰਨੀ ਕੁ ਤਬਦੀਲੀ ਹੈ ਕਿ ਰੇਤ, ਸ਼ਰਾਬ, ਰਿਸ਼ਵਤਖੋਰੀ ਜਿਹੇ ਮੁੱਦਿਆਂ ਵਿੱਚ ਲੋਕਾਂ ਪ੍ਰਤੀ ਉਤਰਦਾਈ ਨਾ ਹੋਣ ਬਾਰੇ ਅਕਾਲੀਆਂ ਦੀ ਥਾਂ ਕਾਂਗਰਸੀਆਂ ਨੇ ਲੈ ਲਈ ਹੈ। ਧਾਰਮਿਕ ਗ੍ਰੰਥ ਹੱਥ ਵਿੱਚ ਲੈ ਕੇ ਪੂਰੇ ਨਾ ਹੋਣ ਵਾਲੇ ਵਾਅਦੇ ਕਰਨ ਕਰ ਕੇ ਕਾਂਗਰਸੀਆਂ ਲਈ ਵੀ ਅਕਾਲੀਆਂ ਵਾਂਗ ਆਉਂਦੀਆਂ ਚੋਣਾਂ ਵਿੱਚ ਵੋਟਰਾਂ ਨੂੰ ਮੂੰਹ ਦਿਖਾਉਣਾ ਮੁਸ਼ਕਲ ਹੁੰਦਾ ਜਾਪਦਾ ਹੈ। ਇਸ ਤੋਂ ਇਲਾਵਾ ਜਿਸ ਤਰੀਕੇ ਨਾਲ ਕਿਸਾਨ ਜਥੇਬੰਦੀਆਂ ਨੇ ਆਪਣੇ ਸੰਘਰਸ਼ ਰਾਹੀਂ ਲੋਕਾਂ ਨੂੰ ਕਾਂਗਰਸ ਦੀਆਂ ਨੀਤੀਆਂ ਤੇ ਲੋਕ ਵਿਰੋਧੀ ਕੰਮਾਂ ਪ੍ਰਤੀ ਜਾਗਰੂਕ ਕੀਤਾ ਹੈ, ਇਹ ਵੀ ਕਾਂਗਰਸ ਲੀਡਰਾਂ ਲਈ ਆਉਣ ਵਾਲੇ ਸਮੇਂ ਵਿੱਚ ਮੁਸ਼ਕਲਾਂ ਪੈਦਾ ਕਰੇਗਾ। ਕੁੱਲ ਮਿਲਾ ਕੇ ਲੱਗਦਾ ਹੈ, ਕਿ ਪੰਜਾਬ ਦੀ ਮੌਜੂਦਾ ਲੀਡਰਸ਼ਿਪ ਹੌਲੀ-ਹੌਲੀ ਪੰਜਾਬ ਤੇ ਭਾਰ ਬਣ ਰਹੀ ਹੈ। ਕੇਂਦਰੀ ਲੀਡਰਸ਼ਿਪ ਦੀ ਇਸ ਨਾਜ਼ੁਕ ਸਮੇਂ ਤੇ ਮਸਲੇ ਨੂੰ ਨਜਿੱਠਣ ਦੀ ਅਸਮਰੱਥਾ ਵੀ ਲੋਕਾਂ ਦੇ ਮਨਾਂ ਵਿੱਚ ਕਈ ਤੌਖਲੇ ਪੈਦਾ ਕਰ ਰਹੀ ਹੈ।

# ਚੈਟਬੋਟ ਕੀ ਹੈ?




ਮਾਈਕਲ ਮੌਲਦੀਨ ਨੇ 1990 ਦੇ ਵਿੱਚ ਸ਼ਬਦ "ਚੈਟਰਬੋਟ" ਦੀ ਵਰਤੋ ਇੰਟਰਐਕਟਿਵ ਗਲਬਾਤ ਪ੍ਰੋਗਰਾਮਾਂ ਦਾ ਵਰਣਨ ਕਰਨ ਲਈ ਕੀਤੀ ਸੀ ਪਰ ਬਾਅਦ ਦੇ ਵਿੱਚ ਇਸਨੂੰ ਛੋਟਾ ਕਰਕੇ "ਚੈਟਬੋਟ" ਕਰ ਦਿਤਾ ਗਿਆ। ਚੈਟਬੋਟ ਇੱਕ ਆਰਟੀਫਿਸ਼ੀਅਲ ਇੰਟੈਲੀਜੈਂਸ ਆਧਾਰਿਤ ਐਪਲੀਕੇਸਨ ਹੈ ਜੋ ਮਨੁੱਖ ਦੇ ਨਾਲ ਉਸਦੀ ਭਾਸ਼ਾ ਦੇ ਵਿੱਚ ਬੋਲਕੇ ,ਲਿਖਕੇ ਜਾਂ ਦੋਹਾਂ ਤਰਾਂ ਚੈਟ ਕਰ ਸਕਦਾ ਹੈ। ਚੈਟਬੋਟ ਨੂੰ ਮਨੁੱਖੀ ਦਖਲਅੰਦਾਜੀ ਤੋ ਬਿਨਾਂ ਸੁਤੰਤਰ ਰੂਪ ਦੇ ਵਿੱਚ ਕੰਮ ਕਰਨ ਲਈ ਪ੍ਰੋਗਰਾਮ ਕੀਤਾ ਜਾਂਦਾ ਹੈ। ਇਹ ਸਟੋਰ ਪ੍ਰਸ਼ਨਾਂ ਦੇ ਉੱਤਰ ਹੀ ਮਨੁੱਖੀ ਭਾਸ਼ਾ ਦੇ ਵਿੱਚ ਦੇ ਸਕਦਾ ਹੈ। ਇਹ ਪਰਿਭਾਸ਼ਿਤ ਸਕ੍ਰਿਪਟਾਂ ਅਤੇ ਮਸ਼ੀਨ ਸਿਖਲਾਈ ਐਪਲੀਕੇਸ਼ਨਾਂ ਦੇ ਆਧਾਰ ਤੇ ਉੱਤਰ ਦਿੰਦਾ ਹੈ। ਜਦੋ ਵੀ ਚੈਟਬੋਟ ਨੂੰ ਕੋਈ ਪ੍ਰਸ਼ਨ ਪੁੱਛਦੇ ਹਾਂ ਤੇ ਚੈਟਬੋਟ ਸਾਡੇ ਪ੍ਰਸ਼ਨ ਨੂੰ ਕਈ ਹਿੱਸਿਆਂ ਦੇ ਵਿੱਚ ਤੋੜਕੇ ਸਮਝਦਾ ਹੈ ਅਤੇ ਉਸਦਾ ਜਵਾਬ ਆਪਣੇ ਨੋਲੇਜਬੇਸ ਦੇ ਵਿੱਚੋ ਲੱਭਕੇ ਦਿੰਦਾ ਹੈ। ਚੈਟਬੋਟ ਦੀਆਂ ਕਈ ਕਿਸਮਾਂ ਹਨ:-1) ਮੀਨੂੰ ਜਾਂ ਬਟਨ ਆਧਾਰਤ ਚੈਟਬੋਟ-ਇਹ ਚੈਟਬੋਟ ਡਸੀਜ਼ਨ ਟ੍ਰੀ ਦੀ ਸ਼੍ਰੇਣੀ ਹੁੰਦੀ ਹੈ ਜੋ ਬਟਨਾਂ ਰਾਹੀਂ ਪੇਸ਼ ਕੀਤੀ ਜਾਂਦੀ ਹੈ ਉਦਾਹਰਣ ਲਈ ਆਟੋਮੈਟਿਕ ਫੋਨ ਮੀਨੂੰ। 2) ਭਾਸ਼ਾਈ ਜਾਂ ਨਿਯਮ ਆਧਾਰਤ ਚੈਟਬੋਟ-ਭਾਸ਼ਾਈ ਜਾਂ ਨਿਯਮ ਆਧਾਰਤ ਚੈਟਬੋਟ ਜੇ ਜਾਂ ਫਿਰ ਤਰਕ ਦੀ ਵਰਤੋ ਕਰਕੇ ਗਲਬਾਤ ਦਾ ਪ੍ਰਵਾਹ ਬਣਾਉਂਦੇ ਹਨ ਇਸ ਲਈ ਸਾਨੂੰ ਚੈਟਬੋਟ ਦੀਆਂ ਭਾਸ਼ਾ ਦੀਆਂ ਸ਼ਰਤਾਂ ਨੂੰ ਪਰਿਭਾਸ਼ਤ ਕਰਨਾ ਪੈਂਦਾ ਹੈ ਇਸਦੇ ਵਿੱਚ ਸਾਨੂੰ ਸ਼ਬਦ,ਸ਼ਬਦਾਂ ਦੇ ਕ੍ਰਮ,ਸਮਾਨਰਥੀ ਸ਼ਬਦਾਂ ਦਾ ਧਿਆਨ ਰੱਖਣਾ ਪੈਂਦਾ ਹੈ। ਜੇ ਆਉਣ ਵਾਲੀ ਪੁੱਛਗਿੱਛ ਚੈਟਬੋਟ ਦੀਆਂ ਸ਼ਰਤਾਂ ਦੇ ਨਾਲ ਮੇਲ ਖਾਂਦੀ ਹੈ ਤੇ ਪ੍ਰਸ਼ਨਕਰਤਾ ਨੂੰ ਉੱਤਰ ਪ੍ਰਾਪਤ ਹੋਵੇਗਾ। 3) ਕੀਵਰਡ ਮਾਨਤਾ ਆਧਾਰਤ ਚੈਟਬੋਟ-ਇਹ ਚੈਟਬੋਟ ਅਨੁਕੂਲਿਤ ਕੀਵਰਡਸ ਅਤੇ ਨੈਚਰਲ ਲੈਂਗੁਇਜ ਪ੍ਰੋਸੈਸਿੰਗ ਦੀ ਵਰਤੋ ਇਹ ਨਿਰਧਾਰਨ ਕਰਨ ਲਈ ਕਰਦੇ ਹਨ ਕਿ ਪ੍ਰਸ਼ਨਕਰਤਾ ਨੂੰ ਢੁਕਵਾਂ ਉੱਤਰ ਕਿਵੇਂ ਦੇਣਾ ਹੈ। 4) ਮਸ਼ੀਨ ਲਰਨਿੰਗ ਚੈਟਬੋਟ-ਇਹ ਚੈਟਬੋਟ ਸਿਖਣ ਅਤੇ ਅਗੇ ਵੱਧਣ ਲਈ ਖਾਸ ਉਪਭੋਗਤਾਵਾਂ ਦੀ ਗੱਲਬਾਤ ਨੂੰ ਯਾਦ ਰੱਖਣ ਲਈ ਮਸ਼ੀਨ ਲਰਨਿੰਗ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋ ਕਰਦੇ ਹਨ। 5) ਹਾਈਬ੍ਰਿਡ ਮਾਡਲ-ਹਾਈਬ੍ਰਿਡ ਮਾਡਲ ਨਿਯਮ ਆਧਾਰਤ ਚੈਟਬੋਟ ਦੀ ਸਾਦਗੀ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਚੈਟਬੋਟ ਦੀ ਜਟਿਲਤਾ ਦਾ ਸੁਮੇਲ ਹੈ। 6) ਵੌਇਸ ਬੋਟ-ਯੂਜ਼ਰ ਦੇ ਵੱਲੋ ਵੌਇਸ ਕਮਾਂਡ ਦੇ ਰਾਹੀਂ ਵੌਇਸ ਬੋਟ ਨੂੰ ਹਿਦਾਇਤਾਂ ਦੇ ਕੰਮ ਕਰਵਾਇਆ ਜਾਂਦਾ ਹੈ। ਐਪਲ ਦੀ ਸਿਰੀ ਅਤੇ ਐਮਾਜ਼ਾਨ ਦੀ ਅਲੈਕਸਾ ਇਸਦੀ ਉਦਾਹਰਣਾਂ ਹਨ। ਸਭ ਤੋ ਪਹਿਲਾਂ ਐਲਿਜ਼ਾ ਨਾਂ ਚੈਟਬੋਟ 1994 ਦੇ ਵਿੱਚ ਜੋਸਫ ਵੇਜੈਨਬੋਮ ਨੇ ਮੈਸੇਚਿਉਸੇਟਸ ਇੰਸਟੀਚਿਉਟ ਆਫ ਟੈਕਨੋਲੋਜੀ ਵਿਖੇ ਬਣਾਇਆ ਸੀ।

*-ਅੰਮ੍ਰਿਤਬੀਰ ਸਿੰਘ*
*9877094504*






## ਗੁਰੂ ਗ੍ਰੰਥ ਸਾਹਿਬ ਦੇ ਹੱਥ-ਲਿਖਤ ਸਰੂਪਾਂ ਤੇ ਸੈਂਚੀਆਂ ਵਿੱਚ ਭੁੱਲਾਂ ਦੀ ਨਿਸ਼ਾਨਦੇਹੀ ਦਾ ਕੰਮ ਅਜੇ ਵੀ ਅਧੂਰਾ

ਅੰਮ੍ਰਿਤਸਰ, 26 ਮਈ (ਪੋਸਟ ਬਿਊਰੋ)- ਗੁਰਬਾਣੀ ਵਿਆਕਰਣ ਦੇ ਮਾਹਿਰ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੇ ਅਚਾਨਕ ਸਦੀਵੀ ਵਿਛੋੜਾ ਦੇ ਜਾਣ ਕਾਰਨ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਜਾ ਰਹੇ ਪਾਵਨ ਸਰੂਪਾਂ ਅਤੇ ਸ਼ਬਦਾਰਥ ਸੈਂਚੀਆਂ ਵਿਚਲੇ ਪਾਠ-ਭੇਦਾਂ ਤੇ ਛਾਪੇ ਦੀਆਂ ਗਲਤੀਆਂ ਦੀ ਨਿਸ਼ਾਨਦੇਹੀ ਕਰਨ ਅਤੇ ਪੁਰਾਤਨ ਹੱਥ ਲਿਖਤ ਬੀੜਾਂ ਦੇ ਮਿਲਾਣ ਦਾ ਪਿਛਲੇ ਕਈ ਸਾਲਾਂ ਤੋਂ ਚੱਲਦਾ ਆ ਰਿਹਾ ਵਡਮੁੱਲਾ ਕਾਰਜ ਇੱਕ ਤਰ੍ਹਾਂ ਨਾਲ ਠੱਪ ਹੋ ਕੇ ਰਹਿ ਗਿਆ ਹੈ।

ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਉੱਤੇ 26 ਮਾਰਚ 1996 ਨੂੰ ਸ਼੍ਰੋਮਣੀ ਕਮੇਟੀ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਬੁਲਾਈ ਗਈਸਿੱਖ ਪ੍ਰਬੰਧਕ ਜਥੇਬੰਦੀਆਂ ਦੀ ਬੈਠਕਵਿੱਚ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀ ਅਗਵਾਈ ਹੇਠ ਇੱਕ ਛੇ ਮੈਂਬਰੀ ਕਮੇਟੀ ਬਣਾਈ ਗਈ ਅਤੇ ਇਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾ ਰਹੇ ਲੜੀਵਾਰ ਤੇ ਨਿਖੜਵੇਂ ਪਦਾਂ ਵਾਲੇ ਪਾਵਨ ਸਰੂਪਾਂ ਤੇ ਸ਼ਬਦਾਰਥ ਸੈਂਚੀਆਂ ਵਿਚਲੇ ਪਾਠ-ਭੇਦਾਂ ਅਤੇ ਛਾਪੇ ਦੀਆਂ ਭੁੱਲਾਂ ਦੀ ਨਿਸ਼ਾਨਦੇਹੀ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਇਸ ਕਮੇਟੀ ਵਿੱਚ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੋਂ ਬਿਨਾ ਜੋਗਿੰਦਰ ਸਿੰਘ ਤਲਵਾੜਾ, ਭਾਈ ਹਰਬੰਸ ਸਿੰਘ, ਗਿਆਨੀ ਵਿਕਰਮ ਸਿੰਘ, ਗਿਆਨੀ ਅਵਤਾਰ ਸਿੰਘ ਬੱਧਨੀ ਕਲਾਂ ਤੇ ਗਿਆਨੀ ਪ੍ਰਕਾਸ਼ ਸਿੰਘ ਸ਼ਾਮਲ ਸਨ। ਇਸ ਕਮੇਟੀ ਨੇ 4 ਮਈ 1996 ਨੂੰ ਇਹ ਕਾਰਜ ਸ਼ੁਰੂ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਪਾਵਨ ਸਰੂਪ (ਸੰਨ 1991) ਅਤੇ ਨਿੱਖੜਵੇਂ ਪਦਾਂ ਵਾਲੇ ਸਰੂਪ (ਸੰਨ 1994) ਵਿਚਲੀ ਬਾਣੀ ਦੇ ਕਰੀਬ 1106 ਅੰਗਾਂ ਤੱਕ ਮਿਲਾਣ ਕਰਕੇ ਕਰੀਬ ਚਾਰ ਪੰਜ ਸਾਲਾਂ ਵਿੱਚ 12 ਕੁ ਪੰਨਿਆਂ ਦੀ ਅੰਤ੍ਰਿਮ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਸੀ ਤੇ ਇਸ ਤੋਂ ਅਗਲਾ ਕੰਮ ਸ਼੍ਰੋਮਣੀ ਕਮੇਟੀ ਦਾ ਇਸ ਰਿਪੋਰਟ ਬਾਰੇ ਪ੍ਰਤੀਕਰਮ ਜਾਨਣ ਪਿੱਛੋਂ ਸ਼ੁਰੂ ਕਰਨ ਬਾਰੇ ਕਿਹਾ ਗਿਆ ਸੀ। ਪਤਾ ਲੱਗਾ ਹੈ ਕਿ ਇਸ ਰਿਪੋਰਟ ਵਿੱਚ ਕਨਵੀਨਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਸਾਥੀ ਮੈਂਬਰਾਂ ਨੇ ਹੱਥ ਲਿਖਤ, ਛਾਪੇ ਖਾਨੇ ਅਤੇ ਫਿਰ ਕੰਪਿਊਟਰ ਵਿਧੀ ਨਾਲ ਛਾਪੇ ਗਏ ਅਤੇ ਲੜੀਵਾਰ ਪਾਵਨ ਸਰੂਪਾਂ ਦੇ ਨਿਖੜਵੇਂ ਪਦਾਂ ਵਾਲੇ ਸਰੂਪਾਂ ਵਿਚਲੇ ਪਾਠ-ਭੇਦ, ਪੈਰ-ਚਿੰਨ੍ਹਾਂ ਅਤੇ ਭਾਰ-ਚਿੰਨ੍ਹਾਂ ਦੀ ਅਸ਼ੁੱਧ ਛਪਾਈ, ਛਪਾਈ ਸਮੇਂ ਕੁਝ ਅੱਖਰਾਂ ਤੇ ਲਗਾਂ ਮਾਤ੍ਰਾਂ ਦੀ ਟੁੱਟ-ਭੱਜ, ਨਾਸਕੀ ਚਿੰਨ੍ਹਾਂ ਦੀ ਛਪਾਈ ਵਿੱਚ ਅਣਗਿਹਲੀ, ਬਿਸਰਾਮ ਚਿੰਨ੍ਹਾਂ ਦੇ ਫ਼ਰਕ ਤੇ ਪਾਵਨ ਸਰੂਪਾਂ ਅਤੇ ਸ਼ਬਦਾਰਥ ਦੀਆਂ ਵੱਖ-ਵੱਖ ਐਡੀਸ਼ਨਾਂ ਵਿੱਚ ਪਾਠ-ਭੇਦ ਅਤੇ ਸ਼ੁੱਧ ਲਿਖਾਈ ਛਪਾਈ ਵਿੱਚ ਅਣਗਿਹਲੀ ਬਾਰੇ ਵੱਡਮੁੱਲੇ ਸੁਝਾਉ ਦਿੱਤੇ ਸਨ। ਇਸ ਕਮੇਟੀ ਨੇ ਇਹ ਵੀ ਕਿਹਾ ਸੀ ਕਿ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਪਾਵਨ ਸਰੂਪਾਂ ਅਤੇ ਸ਼ਬਦਾਰਥ-ਸੈਂਚੀਆਂ ਦੀ ਛਪਾਈ ਵਿੱਚ ਕਿਸੇ ਕਿਸਮ ਦੀ ਗਲਤੀ ਨਾ ਰਹੇ। ਇਸ ਕਮੇਟੀ ਨੇ ਇਹ ਕੀਤਾ ਗਿਆ ਸੀ ਕਿ ਜੇ ਕੰਪਿਊਟਰ ਵਿੱਚ ਛਾਪੇ ਦੀਆਂ ਗਲਤੀਆਂ ਵਾਲਾਡਾਟਾ ਚੜ੍ਹ ਗਿਆ ਤਾਂ ਇਹ ਅਸ਼ੁੱਧੀਆਂ ਅੱਗੇ ਚਲਦੀਆਂ ਜਾਣਗੀਆਂ।

ਜਾਣਕਾਰ ਸੂਤਰਾਂ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਬਾਅਦ ਵਿੱਚ ਇਸ ਕਾਰਜ ਪ੍ਰਤੀ ਵਧੇਰੇ ਦਿਲਚਸਪੀ ਨਾ ਦਿਖਾਈ ਅਤੇ ਇਹ ਕਾਰਜ ਇੱਕ ਤਰ੍ਹਾਂ ਠੱਪ ਹੋ ਗਿਆ। ਦੱਸਿਆ ਜਾਂਦਾ ਹੈ ਕਿ ਇਸ ਤੋਂ ਬਾਅਦ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਜ਼ਾਤੀ ਤੌਰ ਉੱਤੇ ਭਾਈ ਤਲਵਾੜਾ ਤੇ ਹੋਰ ਗੁਰਬਾਣੀ ਵਿਆਕਰਨ ਦੇ ਮਾਹਿਰ ਵਿਦਵਾਨਾਂ ਨਾਲ ਮਿਲ ਕੇ ਅਗਲਾ ਕੰਮ ਜਾਰੀ ਰੱਖਿਆ, ਪਰ ਸ਼੍ਰੋਮਣੀ ਕਮੇਟੀ ਨੇ ਰਸਮੀ ਤੌਰ ਉੱਤੇ ਇਸ ਨੂੰ ਅੱਗੇ ਨਹੀਂ ਵਧਾਇਆ।

## ਭੜਕਾਊ ਪੋਸਟਰ ਲਾਉਣ ਲਈ ਸਮੱਗਰੀ ਖ਼ਰੀਦਣ ਬਾਰੇ ਡੇਰਾ ਪ੍ਰੇਮੀਆਂ ਨੇ ਗੁਨਾਹ ਕਬੂਲਿਆ

ਫ਼ਰੀਦਕੋਟ, 26 ਮਈ (ਪੋਸਟ ਬਿਊਰੋ)-ਅਕਾਲੀ-ਭਾਜਪਾ ਸਰਕਾਰ ਦੇ ਵਕਤ ਹੋਏ ਬੇਅਦਬੀ ਕਾਂਡ ਦੀ ਜਾਂਚ ਕਰਦੀ ਵਿਸ਼ੇਸ਼ ਟੀਮ (ਐਸ ਆਈ ਟੀ) ਨੇ ਅਦਾਲਤ ਵਿੱਚ ਡੇਰਾ ਪ੍ਰੇਮੀ ਰਣਜੀਤ ਸਿੰਘ ਉਰਫ਼ ਭੋਲਾ ਅਤੇ ਸ਼ਕਤੀ ਸਿੰਘ ਨੂੰ ਪੇਸ਼ ਕਰ ਕੇ ਦੋ ਦਿਨਾਂ ਦੇ ਪੁਲਸ ਰਿਮਾਂਡ ਉੱਤੇਲਿਆ ਤਾਂ ਦੋਵਾਂ ਡੇਰਾ ਦੀ ਪੁੱਛਗਿੱਛ ਵਿੱਚ ਹੈਰਾਨੀ ਜਨਕ ਭੇਦ ਖੁੱਲ੍ਹ ਹਨ। ਡੇਰਾ ਪ੍ਰੇਮੀਆਂ ਨੇ ਭੜਕਾਊ ਪੋਸਟਰ ਲਾਉਣ ਲਈ ਸਮੱਗਰੀ ਖ਼ਰੀਦਣ, ਲਿਖਣ ਅਤੇ ਲਾਉਣ ਬਾਰੇ ਸਾਰਾ ਗੁਨਾਹ ਕਬੂਲ ਕਰ ਲਿਆ ਹੈ, ਜਿਸ ਨਾਲ ਐੱਸ ਆਈ ਟੀ ਆਪਣੀ ਜਾਂਚ ਅੱਗੇ ਵਧਾ ਸਕਦੀ ਹੈ।

ਵਰਨਣ ਯੋਗ ਹੈ ਕਿ ਗੁਰਦੁਆਰਾ ਸਾਹਿਬ ਬਰਗੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਹੱਥ ਲਿਖਤ ਭੜਕਾਊ ਪੋਸਟਰ ਲਾਉਣ ਬਾਰੇ ਥਾਣਾ ਬਾਜਾਖਾਨਾ ਵਿਖੇ 25 ਸਤੰਬਰ 2015 ਨੂੰ ਕੇਸ ਨੰਬਰ 117 ਦਰਜ ਹੋਇਆ ਸੀ ਅਤੇ ਐਸ ਆਈ ਟੀ ਨੇ ਅਦਾਲਤ ਤੋਂ ਦੋਵਾਂ ਡੇਰਾ ਪ੍ਰੇਮੀਆਂ ਸ਼ਕਤੀ ਸਿੰਘ ਡੱਗੋਰੋਮ-ਾਣਾ ਅਤੇ ਰਣਜੀਤ ਸਿੰਘ ਭੋਲਾ ਦਾ ਰਿਮਾਂਡ ਲਿਆ ਸੀ। ਬਰਗਾੜੀ ਗੁਰਦੁ-ਆਰਾ ਸਾਹਿਬ ਦੀਆਂ ਕੰਧਾਂ ਉੱਤੇ ਇੱਕ ਅਤੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਦੀ ਕੰਧਉੱਤੇ ਦੋ ਹੱਥ ਲਿਖਤ ਪੋਸਟਰਾਂ ਉਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਸੰਤਰਣਜੀਤ ਸਿੰਘ



ਢੱਡਰੀਆਂ ਵਾਲੇ ਅਤੇ ਸੰਤ ਬਲਜੀਤ ਸਿੰਘ ਦਾਦੂਵਾਲ ਦਾ ਨਾਮ ਲਿਖ ਕੇ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਡੇਰਾ ਪ੍ਰੇਮੀਆਂ ਨੇ ਕਿਹਾ ਸੀ ਕਿ ਤੁਸੀਂ ਸਾਡੇ ਬਾਬੇ ਦੀ 'ਐਮ ਐਸ ਜੀ ਫ਼ਿਲਮ' ਨਹੀਂ ਚੱਲਣ ਦਿੱਤੀ, ਇਸ ਲਈ ਅਸੀਂ ਤੁਹਾਡਾ ਵੱਡਾ ਗੁਰੂ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ, ਇਸ ਨੂੰ ਲੱਭਣ ਵਾਲੇ ਨੂੰ ਅਸੀਂ ਡੇਰਾ ਸਲਾਬਤਪੁਰਾ ਵਿਖੇ 10 ਲੱਖ ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕਰਾਂਗੇ ਅਤੇ ਜੇ ਸਾਡੇ ਬਾਬੇ ਦੀ ਫ਼ਿਲਮ ਚੱਲਣ ਵਿੱਚ ਵਿਘਨ ਪਾਇਆ ਤਾਂ ਅਸੀਂ ਤੁਹਾਡੇ ਸਾਰੇ ਗ੍ਰੰਥ ਸਾੜ ਦਿਆਂਗੇ, ਜਿਹੜਾ ਤੁਹਾਡਾ ਵੱਡਾ ਗੁਰੂ ਆਪਣਾ ਬਚਾਅ ਨਹੀਂ ਕਰ ਸਕਿਆ, ਉਹ ਕਿਸੇ ਹੋਰ ਦਾ ਬਚਾਅ ਕਿਵੇਂ ਕਰੇਗਾ?

ਐਸ ਆਈ ਟੀ ਨੇ ਕੱਲ੍ਹ ਦੋਵਾਂ ਦੋਸ਼ੀਆਂ ਤੋਂ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਦੀ ਨਿਸ਼ਾਨਦੇਹੀ ਕਰਵਾਈ ਤੇ ਉਸ ਪਿੱਛੋਂ ਡੇਰਾ ਪ੍ਰੇਮੀਆਂ ਸ਼ਕਤੀ ਅਤੇ ਰਣਜੀਤ ਨੂੰ ਗੋਪਾਲ ਬੁੱਕ ਡਿਪੂ ਬੱਸ ਅੱਡਾ ਬਰਗਾੜੀ ਲੈ ਕੇ ਗਏ, ਜਿੱਥੋਂ ਉਨ੍ਹਾਂ ਨੇ ਹੱਥ ਲਿਖਤ ਪੋਸਟਰ ਲਿਖਣ ਲਈ ਕਾਗਜ਼ ਤੇ ਮਾਰਕਰ ਖ਼ਰੀਦੇ ਸਨ। ਦੁਕਾਨ ਮਾਲਕ ਗੋਪਾਲ ਕ੍ਰਿਸ਼ਨ ਤੇ ਡੇਰਾ ਪ੍ਰੇਮੀਆਂ ਨੇ ਮੰਨਿਆ ਕਿ ਸੰਨੀ, ਕੰਡੇ ਅਤੇ ਭੋਲੇ ਨੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਦੀ ਕੰਧ ਉੱਤੇ 24 ਅਤੇ 25 ਸਤੰਬਰ ਦੀ ਵਿਚਲੀ ਰਾਤ ਨੂੰ ਦੋ ਹੱਥ ਲਿਖਤ ਭੜਕਾਊ ਪੋਸਟਰ ਲਾਏ, ਜਦਕਿ ਸ਼ਕਤੀ ਅਤੇ ਬਲਜੀਤ ਨੇ ਉਕਤ ਭੜਕਾਊ ਪੋਸਟਰ ਬਰਗਾੜੀ ਦੇ ਗੁਰ-ਦੁਆਰਾ ਸਾਹਿਬ ਦੀ ਕੰਧ ਉੱਤੇ ਚਿਪ-ਕਾਇਆ ਸੀ।

## ਸੁਖਪਾਲ ਸਿੰਘ ਖਹਿਰਾ ਦੀ ਕਾਂਗਰਸ 'ਚ ਜਲਦੀ ਵਾਪਸੀ ਦੇ ਚਰਚੇ

ਚੰਡੀਗੜ੍ਹ, 26 ਮਈ (ਪੋਸਟ ਬਿਊਰੋ)- ਪੰਜਾਬ ਏਕਤਾ ਪਾਰਟੀ ਦੇ ਮੁਖੀ ਤੇ ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਕਾਂਗਰਸ ਵਿੱਚ ਵਾਪਸ ਜਾਣ ਦੀ ਚਰਚਾ ਹੈ। ਮੰਤਰੀਆਂ ਅਤੇ ਵਿਧਾਇਕਾਂ ਦੀ ਨਾਰਾਜ਼ਗੀ ਝੱਲ ਰਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਸੁਖਪਾਲ ਸਿੰਘ ਖਹਿਰਾ ਦੀ ਪਾਰਟੀ ਵਿੱਚ ਵਾਪਸੀ ਕਰਵਾ ਕੇ ਆਪਣੀ ਅਗਵਾਈ ਉੱਤੇ ਸਵਾਲ ਉਠਾਉਣ ਵਾਲੇ ਨਾਰਾਜ਼ ਨੇਤਾਵਾਂ ਨੂੰ ਸਪੱਸ਼ਟ ਸੰਕੇਤ ਦੇਣਾ ਚਾਹੁੰਦੇ ਹਨ।

ਜਾਣਕਾਰੀ ਮੁਤਾਬਕ ਖਹਿਰਾ ਦੇ ਨਾਲ ਆਮ ਆਦਮੀ ਪਾਰਟੀ ਦੇ ਕੁਝ ਸੀਨੀਅਰ ਨੇਤਾ ਕਾਂਗਰਸ ਵਿੱਚ ਸ਼ਾਮਲ ਹੋ ਸਕਦੇ ਹਨ। ਇਸ ਪਾਰਟੀ ਦੇ ਭਰੋਸੇਮੰਦ ਸੂਤਰਾਂ ਮੁਤਾਬਕ ਸੁਖਪਾਲ ਸਿੰਘ ਖਹਿਰਾ ਆਮ ਆਦਮੀ ਪਾਰਟੀ ਦੇ ਕੁਝ ਵੱਡੇ ਨੇਤਾਵਾਂ ਨਾਲ ਕਾਂਗਰਸ ਵਿੱਚ ਵਾਪਸੀ ਕਰ ਸਕਦੇ ਹਨ। ਉਨ੍ਹਾਂ ਦੀ ਵਾਪਸੀ ਵਿੱਚ ਸਾਬਕਾ ਜਸਟਿਸ ਰਣਜੀਤ ਸਿੰਘ ਦੀ ਮਹੱਤਵ ਪੂਰਨ ਭੂਮਿਕਾ ਮੰਨੀ ਜਾ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਜਸਟਿਸ ਰਣਜੀਤ ਸਿੰਘ ਨੂੰ ਬੇਅਦਬੀ ਅਤੇ ਗੋਲੀਕਾਂਡ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਬਣਾਏ ਕਮਿਸ਼ਨ ਦਾ ਚੇਅਰਮੈਨ ਬਣਾਇਆ ਸੀ ਤੇ ਉਹ ਸੁਖਪਾਲ ਸਿੰਘ ਖਹਿਰਾ ਦੇ ਰਿਸ਼ਤੇਦਾਰ ਹਨ। ਦੱਸਿਆ ਗਿਆ ਹੈ ਕਿ ਸੁਖਪਾਲ ਸਿੰਘ ਖਹਿਰਾ ਦੀ ਕਾਂਗਰਸ ਪਾਰਟੀ ਵਿੱਚ ਵਾਪਸੀ ਕਾਫੀ ਪਹਿਲਾਂ ਹੋ ਜਾਣੀ ਸੀ, ਪਰ ਉਨ੍ਹਾਂ ਦੇ ਖਿਲਾਫ ਇਨਫੋਰਸਮੈਂਟ ਡਾਇਰੈਕਟੋਰੇਟ ਕੇਸ ਦੀ ਕਾਰਵਾਈ ਦੇ ਕਾਰਨ ਇਸ ਵਿੱਚ ਦੇਰ ਹੋਈ ਹੈ। ਦੂਸਰੇ ਪਾਸੇ ਸੁਖਪਾਲ ਸਿੰਘ ਖਹਿਰਾ ਦੀ ਵਾਪਸੀ ਨਾਲ ਮੁੱਖ ਮੰਤਰੀ ਜਾਂ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਕੋਈ ਇਤਰਾਜ਼ ਨਹੀਂ, ਕਿਉਂਕਿ ਭੁਲੱਥ ਹਲਕੇ ਵਿੱਚ ਕਾਂਗਰਸ ਕੋਲ ਬੀਬੀ ਜਗੀਰ ਕੌਰ ਦੇ



ਮੁਕਾਬਲਾ ਲਈ ਕੋਈ ਦਮਦਾਰ ਨੇਤਾ ਨਹੀਂ। ਖਹਿਰਾ ਦੀ ਵਾਪਸੀ ਹੋਣ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਾਰਟੀ ਵਿੱਚ ਸਪੱਸ਼ਟ ਸੰਦੇਸ਼ ਉਨ੍ਹਾਂ ਨੇਤਾਵਾਂ ਨੂੰ ਦੇਣਾ ਚਾਹੁੰਦੇ ਹਨ, ਜੋ ਅੱਜ ਕੱਲ੍ਹ ਉਨ੍ਹਾਂ ਦੇ ਖਿਲਾਫ ਨਾ ਸਿਰਫ ਆਵਾਜ਼ ਉਠਾ ਰਹੇ ਹਨ ਅਤੇ ਬਿਆਨਬਾਜ਼ੀ ਕਰ ਰਹੇ ਹਨ।

ਖੁਦ ਸੁਖਪਾਲ ਸਿੰਘ ਖਹਿਰਾ ਨੇ ਕਾਂਗਰਸ ਵਿੱਚ ਵਾਪਸੀ ਤੋਂ ਪੂਰੀ ਤਰ੍ਹਾਂ ਇਨਕਾਰ ਕੀਤਾ ਤੇ ਕਿਹਾ ਕਿ ਪੰਜ ਸਾਲ ਤੋਂ ਲੜਦੇ ਆ ਰਹੇ ਹਾਂ ਅਤੇ ਜੇ ਅਜਿਹਾ ਹੋਵੇਗਾ ਤਾਂ ਉਹ ਮੀਡੀਆ ਨੂੰ ਪਹਿਲਾਂ ਜਾਣਕਾਰੀ ਦੇ ਦੇਣਗੇ। ਵਰਨਣ ਯੋਗ ਹੈ ਕਿ ਸੁਖਪਾਲ ਸਿੰਘ ਖਹਿਰਾ ਕਾਂਗਰਸ ਦੇ ਕੱਦਵਰ ਨੇਤਾ ਮੰਨੇ ਜਾਂਦੇ ਰਹੇ ਹਨ, ਪਰ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਨਾਲ ਉਨ੍ਹਾਂ ਦੀ ਅਣਬਣ ਹੋਣ ਕਾਰਨ ਉਹ ਪਾਰਟੀ ਤੋਂ ਲਾਂਭੇ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਅਤੇ 2017 ਵਿੱਚ ਵਿਧਾਨ ਸਭਾ ਚੋਣਾਂ ਜਿੱਤੇ ਸਨ। ਫਿਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੁਆਰਾ ਡਰੱਗਸ ਮਾਮਲੇ ਵਿੱਚ ਵਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਤੋਂ ਉਖੜੇ ਹੋਏ ਸੁਖਪਾਲ ਸਿੰਘ ਖਹਿਰਾ ਨੇ ਪਾਰਟੀ ਛੱਡ ਦਿੱਤੀ, ਪਰ ਆਮ ਆਦਮੀ ਪਾਰਟੀ ਦੀਆਂ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਦੀ ਵਿਧਾਨ ਸਭਾ ਵਿੱਚ ਮੈਂਬਰੀ ਕਾਇਮ ਹੈ।

## ਪ੍ਰੇਮ ਸੰਬੰਧਾਂ ਕਾਰਨ ਨੌਜਵਾਨ ਦੀ ਕੁੱਟਮਾਰ ਕਰ ਕੇ ਸਿਰ ਮੁੰਨਿਆ

ਮਲੋਟ, 26 ਮਈ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਇੱਕ ਨੌਜਵਾਨ ਦੀ ਬੁਰੀ ਤਰ੍ਹਾਂ ਕੁੱਟਮਾਰ ਪਿੱਛੋਂ ਸਿਰ ਮੁੰਨਣ ਤੇ ਪਿਸ਼ਾਬ ਪਿਆਏ ਜਾਣ ਦਾ ਮਾਮਲਾ ਇੱਕ ਵੀਡੀਓ ਰਾਹੀਂ ਵਾਇਰਲ ਹੋਣ ਨਾਲ ਚਰਚਾ ਵਿੱਚ ਆ ਗਿਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਇਹ ਘਟਨਾ ਮਲੋਟ ਦੇ ਗੁਰੂ ਰਵਿਦਾਸ ਨਗਰ ਦੀ ਹੈ। ਪੁਲਸ ਨੇ ਉਸ ਨੌਜਵਾਨ ਨੂੰ ਸਿਵਲ ਹਸਪਤਾਲ ਮਲੋਟ ਵਿਖੇ ਦਾਖ਼ਲ ਕਰਾਇਆ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਸ ਨੌਜਵਾਨ ਦੇ ਪਰਵਾਰਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਨੂੰ ਇੱਕ ਲੜਕੀ ਮਿਲਣ ਆਉਂਦੀ ਸੀ ਅਤੇ ਕੱਲ੍ਹ ਵੀ ਉਹ ਕੁਝ ਚਾਕਲੇਟ ਅਤੇ ਹੋਰ ਸਮਾਨ ਮੋਬਾਈਲ ਆਦਿ ਲੈ ਕੇ ਲੜਕੇ ਕੋਲ ਖੁਦ ਚੱਲ ਕੇ ਆਈ। ਇਸ ਦੌਰਾਨ ਉਸ ਲੜਕੀ ਦੇ ਪਰਵਾਰਕ ਮੈਂਬਰਾਂ ਨੇ ਓਥੇ ਆ ਕੇ ਲੜਕੀ ਨੂੰ ਭਜਾ ਦਿੱਤਾ ਅਤੇ ਨੌਜਵਾਨ ਨੂੰ ਫੜ ਕੇ ਕੁਝ ਹੋਰ ਲੋਕਾਂ



ਨਾਲ ਮਿਲ ਕੇ ਪਹਿਲਾਂ ਬੰਨ੍ਹਿਆ ਅਤੇ ਫੇਰ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਉਨ੍ਹਾਂ ਦੱਸਿਆ ਕਿ ਨੌਜਵਾਨ ਦਾ ਉਸਤਰੇ ਨਾਲ ਸਿਰ ਮੁੰਨ ਦਿੱਤਾ ਗਿਆ ਤੇ ਉਸ ਨੂੰ ਪਿਸ਼ਾਬ ਪਿਆਇਆ ਗਿਆ। ਜਦ ਇਸ ਬਾਰੇ ਪੁਲਸ ਨੂੰ ਸੂਚਨਾ ਮਿਲੀ ਤਾਂ ਦੋਸ਼ੀ ਦੌੜ ਗਏ। ਥਾਣਾ ਸਿਟੀ ਮਲੋਟ ਦੇ ਐਸ ਐਚ ਓ ਮੋਹਨ ਲਾਲ ਨੇ ਦੱਸਿਆ ਕਿ ਸੂਚਨਾ ਮਿਲਣ ਉੱਤੇ ਉਕਤ ਨੌਜਵਾਨ ਨੂੰ ਸਿਵਲ ਹਸਪਤਾਲ ਮਲੋਟ ਵਿਖੇ ਦਾਖ਼ਲ ਕਰਵਾ ਦਿੱਤਾ ਗਿਆ ਅਤੇ ਘਟਨਾ ਸਬੰਧੀ ਬਿਆਨ ਦਰਜ ਕੀਤੇ ਜਾ ਰਹੇ ਹਨ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ
ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

## ਸਿਹਤ ਵਿਭਾਗ ਤੇ ਪੁਲਸ ਵੱਲੋਂ ਛਾਪਾ: ਮਲਿਕ ਮੈਡੀਕਲ ਏਜੰਸੀਜ਼ ਵਿੱਚੋਂ ਪਾਬੰਦੀਸ਼ੁਦਾ ਦਵਾਈਆਂ ਬਰਾਮਦ

ਜਲੰਧਰ, 26 ਮਈ (ਪੋਸਟ ਬਿਊਰੋ)- ਇਸ ਜ਼ਿਲੇ ਦੇ 3ਸਿਹਤ ਵਿਭਾਗ ਤੇ ਪੁਲਸ ਦੀ ਟੀਮ ਨੇ ਕੱਲ੍ਹ ਦਿਲਕੁਸ਼ਾ ਮਾਰਕੀਟ ਵਿੱਚ ਮਲਿਕ ਮੈਡੀਕਲ ਏਜੰਸੀਜ਼ ਉੱਤੇ ਛਾਪਾ ਮਾਰ ਕੇ ਉਥੋਂ ਲੱਖਾਂ ਰੁਪਏ ਦੀਆਂ ਉਹ ਪਾਬੰਦੀਸ਼ੁਦਾ ਦਵਾਈਆਂ ਬਰਾਮਦ ਕੀਤੀਆਂ, ਜਿਨ੍ਹਾਂ ਦੀ ਵਰਤੋਂ ਆਮ ਤੌਰ ਉੱਤੇ ਨਸ਼ੇ ਪੂਰੇ ਕਰਨ ਲਈ ਕੀਤੀ ਜਾਂਦੀ ਹੈ।

ਅਸਲ ਵਿੱਚ ਸਿਹਤ ਵਿਭਾਗ ਦੀ ਟੀਮ ਨੇ ਇੱਕ ਦਿਨ ਪਹਿਲਾਂ ਸਈਪੁਰ ਰੋਡ ਉੱਤੇ ਦਵਾਈਆਂ ਦੀ ਦੁਕਾਨ ਐਸ ਆਰ ਮੈਡੀਕਲ ਸੈਂਟਰ ਉੱਤੇਛਾਪਾ ਮਾਰਿਆ ਤਾਂ ਉਥੇ ਦੁਕਾਨ ਉੱਤੇ ਬੈਠੇ ਨੌਜਵਾਨ ਰਾਹੁਲ ਵਰਮਾ ਨੇ ਟੀਮ ਨੂੰ ਦੱਸਿਆ ਕਿ ਉਹ ਪਾਬੰਦੀਸ਼ੁਦਾ ਦਵਾਈਆਂ ਦਿਲਕੁਸ਼ਾ ਮਾਰਕੀਟ ਦੀ ਮਲਿਕ ਮੈਡੀਕਲ ਏਜੰਸੀ ਤੋਂ



ਖ਼ਰੀਦਦਾ ਹੈ। ਉਸ ਨੌਜਵਾਨ ਦੇ ਬਿਆਨਾਂ ਉੱਤੇ ਸਿਹਤ ਵਿਭਾਗ ਦੀ ਟੀਮ ਨੇ ਪੁਲਸ ਨਾਲ ਮਿਲ ਕੇ ਦੇਰ ਰਾਤ ਦਿਲਕੁਸ਼ਾ ਮਾਰਕੀਟ ਦੀ ਉਸ ਦੁਕਾਨ ਉੱਤੇ ਤਾਲੇ ਲਾ ਕੇ ਪਹਿਰਾ ਬਿਠਾ ਦਿੱਤਾ।ਕੱਲ੍ਹ ਸਵੇਰੇ ਕਾਫ਼ੀ ਮੁਸ਼ੱਕਤ ਪਿੱਛੋਂ ਡਰੱਗ ਇੰਸਪੈਕਟਰ ਅਨੁਪਮਾ ਕਾਲੀਆ ਤੇ ਪੁਲਸ ਟੀਮ ਨੇ ਦੁਕਾਨ ਦੇ ਮਾਲਕ ਵਰੁਣ ਨੂੰ ਮੌਕੇ ਉੱਤੇਸੱਦਿਆ ਅਤੇ ਦੁਕਾਨ ਖੁਲਵਾਈ। ਟੀਮ ਨੂੰ ਉਥੋਂ ਟਰੌਮਾਡੋਲ ਦੀਆਂ 3840 ਗੋਲੀਆਂ ਅਤੇ ਏਟੀਜੋਲਾਮ ਦੀਆਂ 128000 ਗੋਲੀਆਂ ਮਿਲੀਆਂ, ਜਿਨ੍ਹਾਂ ਦੀ ਕੀਮਤ ਲੱਗਭਗ ਪੌਣੇ ਛੇ ਲੱਖ ਰੁਪਏ ਬਣਦੀ ਹੈ। ਡਰੱਗ ਵਿਭਾਗ ਨੇ ਦੁਕਾਨ ਮਾਲਕ ਦੇ ਖ਼ਿਲਾਫ਼ ਡਰੱਗਜ਼ ਐਂਡ ਕਾਸਮੈਟਿਕ ਐਕਟ ਦੀ ਕਾਰਵਾਈ ਕਰਦਿਆਂ ਏਟੀਜੋਲਾਮ ਗੋਲੀਆਂ ਕਬਜ਼ੇ ਵਿੱਚ ਲੈ ਲਈਆਂ ਅਤੇ ਥਾਣਾ ਨੰਬਰ ਚਾਰ ਦੀ ਪੁਲਸ ਨੇ ਟਰੌਮਾਡੋਲ ਦੀਆਂ ਗੋਲੀਆਂ ਆਪਣੇ ਕਬਜ਼ੇ ਵਿੱਚ ਲੈ ਕੇ ਦੁਕਾਨ ਦੇ ਮਾਲਕ ਖ਼ਿਲਾਫ਼ ਐਨ ਜੀ ਪੀ ਐਸ ਐਕਟ ਹੇਠ ਕਾਰਵਾਈ ਕਰ ਦਿੱਤੀ ਹੈ।

## ਆਕਸੀਜਨ ਸਿਲੰਡਰ ਫਟਣ ਨਾਲ ਐਂਬੂਲੈਂਸ ਡਰਾਈਵਰ ਦੀ ਮੌਤ

ਮੋਗਾ, 26 ਮਈ (ਪੋਸਟ ਬਿਊਰੋ)- ਮਰੀਜ਼ ਦੇ ਘਰ ਵਿੱਚ ਰੱਖੇ ਆਕਸੀਜਨ ਸਿਲੰਡਰ ਨੂੰ ਲਾਉਣ ਸਮੇਂ ਅਚਾਨਕ ਧਮਾਕੇ ਨਾਲ ਸਿਲੰਡਰ ਫਟ ਜਾਣ ਨਾਲ ਮਰੀਜ਼ ਨੂੰ ਛੱਡਣ ਗਏ ਐਂਬੂਲੈਂਸ ਡਰਾਈਵਰ ਦੀ ਮੌਕੇ ਉੱਤੇ ਮੌਤ ਹੋ ਗਈ। ਸਿਲੰਡਰ ਫਟਣ ਪਿੱਛੋਂ ਲੱਗੀ ਅੱਗ ਨਾਲ ਐਂਬੂਲੈਂਸ ਡਰਾਈਵਰ ਬੁਰੀ ਤਰ੍ਹਾਂ ਝੁਲਸ ਗਿਆ ਤੇ ਉਸ ਦੀ ਮੌਤ ਹੋ ਗਈ ਤੇ ਮਰੀਜ਼ ਦਾ ਜਵਾਈ ਤੇ ਧੀ ਵੀ ਝੁਲਸ ਗਏ। ਉਨ੍ਹਾਂ ਨੂੰ ਨਿੱਜੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਐਸ ਡੀ ਐਮ ਤੇ ਆਕਸੀਜਨ ਸਪਲਾਈ ਲਈ ਜ਼ਿਲ੍ਹੇ ਦੇ ਨੋਡਲ ਅਧਿਕਾਰੀ ਸਤਵੰਤ ਸਿੰਘ ਜੌਹਲ ਨੇ ਦੱਸਿਆ ਕਿ ਜਾਂਚ ਚੱਲ ਰਹੀ ਹੈ, ਪਰ ਇੰਨੀ ਪੁਸ਼ਟੀ ਹੋਈ ਹੈ ਕਿ ਜ਼ਿਲ੍ਹੇ ਵਿੱਚ ਆਕਸੀਜਨ ਦੀ ਬਹੁਤੀਸਪਲਾਈ ਵਾਲੀ



ਏਜੰਸੀ ਨਾਗੀ ਇੰਟਰਪ੍ਰਾਈਜ਼ਿਜ਼ ਤੋਂ ਇਹ ਸਿਲੰਡਰ ਨਹੀਂ ਗਿਆ। ਉਨ੍ਹਾਂ ਕਿਹਾ ਕਿ ਇੱਕ ਵਿਅਕਤੀ ਦਾ ਪਤਾ ਲੱਗਾ ਹੈ, ਜੋ ਕਾਫੀ ਕਾਲਾ ਬਾਜ਼ਾਰੀ ਕਰ ਕੇ ਸਿਲੰਡਰ ਸਪਲਾਈ ਕਰਦਾ ਹੈ। ਉਸ ਦਾ ਛੇਤੀ ਹੀ ਪਰਦਾ ਫਾਸ਼ ਕੀਤਾ ਜਾਵੇਗਾ।

ਇਸ ਸ਼ਹਿਰ ਦੇ ਸਿੱਧੂ ਹਸਪਤਾਲ ਵਿੱਚ ਪਿੰਡ ਕੋਕਰੀ ਬਹਿਣੀਵਾਲ ਵਾਸੀ ਅਜਮੇਰ ਸਿੰਘ (60) ਦਾਖਲ ਸੀ ਅਤੇ ਕੋਰੋਨਾ ਇਨਫੈਕਟਿਡ ਹੋਣ ਤੋਂ ਇਲਾਵਾ ਉਸ ਦਾ ਸ਼ੂਗਰ ਲੈਵਲ ਤੇ ਬਲੱਡ ਪ੍ਰੈਸ਼ਰ ਕਾਫੀ ਵੱਧ ਸੀ। ਉਹ ਬੀਤੇ ਪੰਜ ਦਿਨਾਂ ਤੋਂ ਹਸਪਤਾਲ ਵਿੱਚ ਸੀ। ਹਾਲਤ ਨਾ ਸੁਧਰਦ ਦੇਖ ਕੇ ਹਸਪਤਾਲ ਦੇ ਡਾ: ਦਵਿੰਦਰ ਸੰਧੂ ਨੇ ਮਰੀਜ਼ ਦੇ ਪਰਵਾਰ ਨੂੰ ਕਿਸੇ ਵੱਡੇ ਹਸਪਤਾਲ ਲਿਜਾਣ ਲਈ ਕਹਿ ਕੇ ਸੋਮਵਾਰ ਰਾਤ 10 ਵਜੇ ਉਸ ਨੂੰ ਰੈਫਰ ਕਰ ਦਿੱਤਾ। ਪਰਵਾਰ ਵਾਲੇ ਮਰੀਜ਼ ਨੂੰ ਕਿਸੇ ਹਸਪਤਾਲ ਲਿਜਾਣ ਦੀ ਥਾਂ ਘਰ ਲੈ ਗਏ। ਐਂਬੂਲੈਂਸ ਵੀ ਉਨ੍ਹਾ ਲੋਕਾਂ ਨੇ ਆਪਣੇ ਪੱਧਰ ਉੱਤੇ ਕੀਤੀ ਸੀ। ਐਂਬੂਲੈਂਸ ਡਰਾਈਵਰ ਸਤਨਾਮ ਸਿੰਘ ਜਦੋਂ ਮਰੀਜ਼ ਦੇ ਘਰ ਬਹਿਣੀਵਾਲ ਪੁੱਜਾ ਤਾਂ ਪਰਵਾਰ ਦੇ ਕਹਿਣ ਉੱਤੇ ਉਹ ਘਰ ਵਿੱਚ ਰੱਖੇ ਆਕਸੀਜਨ ਸਿਲੰਡਰ ਨੂੰ ਚੈਕ ਕਰਨ ਲੱਗਾ, ਜਿਸ ਦੌਰਾਨ ਅਚਾਨਕ ਸਿਲੰਡਰ ਫਟ ਗਿਆ ਅਤੇ ਕਮਰੇ ਵਿੱਚ ਅੱਗ ਲੱਗ ਗਈ। ਐਂਬੂਲਵੈਂਸ ਡਰਾਈਵਰ ਸਤਨਾਮ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਮਰੀਜ਼ ਅਜਮੇਰ ਸਿੰਘ ਦਾ ਜਵਾਈ ਤੇ ਧੀ ਝੁਲਸ ਗਏ। ਮਰੀਜ਼ ਦਾ ਐਂਬੂਲੈਂਸ ਵਿੱਚ ਹੋਣ ਕਾਰਨ ਬਚਾਅ ਹੋ ਗਿਆ।

ਵਰਕਰ ਦੀ ਲੋੜ
ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।
ਸੰਪਰਕ: 416-816-1695

# ਆਈ ਐਮ ਏ ਨੇ ਰਾਮਦੇਵ ਨੂੰ 1000 ਕਰੋੜ ਰੁਪਏ ਦਾ ਮਾਨਹਾਨੀ ਦਾ ਨੋਟਿਸ ਭੇਜਿਆ

ਹਰਿਦੁਆਰ, 26 ਮਈ (ਪੋਸਟ ਬਿਊਰੋ)- ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐਮ ਏ) ਦੀ ਉਤਰਾਖੰਡ ਯੂਨਿਟ ਨੇ ਯੋਗੀ ਰਾਮਦੇਵ ਨੂੰ ਇੱਕ ਹਜ਼ਾਰ ਕਰੋੜ ਰੁਪਏ ਦਾ ਮਾਨਹਾਨੀ ਨੋਟਿਸ ਭੇਜਿਆ ਹੈ, ਜਿਸ ਵਿੱਚਉਸ ਨੂੰ ਕਿਹਾ ਗਿਆ ਹੈ ਕਿ 15 ਦਿਨ ਦੇ ਅੰਦਰ ਦੋਸ਼ਾਂ ਦਾ ਖੰਡਨ ਕਰਦੇ ਹੋਏ ਵੀਡੀਓ ਸੋਸ਼ਲ ਮੀਡੀਆ ਉੱਤੇ ਪਾਓ ਅਤੇ ਨਾਲ ਹੀ 76 ਘੰਟੇ ਦੇ ਅੰਦਰ ਕੋਰੋਨਿਲ ਦੇ ਇੱਕ ਇਸ਼ਤਿਹਾਰ ਦੀ ਵਾਪਸੀ ਦੀ ਸ਼ਰਤ ਵੀ ਰੱਖੀ ਗਈ ਹੈ।



ਇਸ ਸੰਬੰਧ ਵਿੱਚ ਆਈ ਐਮ ਏ ਦੇ ਸੂਬਾ ਸੈਕਟਰੀ ਡਾ. ਅਜੈ ਖੰਨਾ ਨੇ ਕੱਲ੍ਹ ਮਾਨਹਾਨੀ ਦਾ ਇਹ ਨੋਟਿਸ ਭੇਜਿਆ ਹੈ, ਜਿਸ ਵਿੱਚ ਸਵਾਮੀ ਰਾਮਦੇਵ ਵੱਲੋਂ ਐਲੋਪੈਥੀ ਬਾਰੇ ਦਿੱਤੇ ਬਿਆਨਾਂ ਦਾ ਹਵਾਲਾ ਦੇ ਕੇ ਕਿਹਾ ਗਿਆ ਹੈ ਕਿ ਉਸ ਦੇ ਬਿਆਨਾਂ ਨਾਲ ਆਈ ਐਮ ਏ ਦੇ ਮੈਂਬਰਾਂ ਦੀ ਮਾਣ-ਹਾਨੀ ਹੋਈ ਹੈ। ਇਨ੍ਹਾਂ ਬਿਆਨਾਂ ਲਈ 15 ਦਿਨ ਦੇ ਅੰਦਰ ਲਿਖਤੀ ਰੂਪ ਵਿੱਚ ਮੁਆਫ਼ੀ ਮੰਗੀ ਜਾਵੇ ਅਤੇ ਸਾਰੇ ਦੋਸ਼ਾਂ ਦੇ ਖੰਡਨ ਦਾ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉੱਤੇ ਪਾਈ ਜਾਵੇ ਅਤੇ 76 ਘੰਟੇ ਦੇ ਅੰਦਰ ਦਿਵਿਆ ਸ਼ਵਾਸਾਰਿ, ਕੋਰੋਨਿਲ ਕਿੱਟ ਦੇ ਉਸ ਇਸ਼ਤਿਹਾਰ ਨੂੰ ਸਾਰੇ ਥਾਂਵਾਂ ਤੋਂ ਵਾਪਸ ਲਿਆ ਜਾਵੇ, ਜਿਸ ਵਿੱਚ ਵੈਕਸੀਨ ਲੱਗਣ ਨਾਲ ਹੋਣ ਵਾਲੇ ਸਾਈਡ ਇਫੈਕਟ ਤੇ ਕੋਰੋਨਾ ਲਾਗ ਵਿਰੁੱਧ ਪ੍ਰਭਾਵੀ ਦਵਾਈ ਦੱਸ ਕੇ ਪ੍ਰਚਾਰ ਕੀਤਾ ਗਿਆ ਹੈ। ਨੋਟਿਸ ਮੁਤਾਬਕਜੇ ਦੋਸ਼ਾਂ ਦਾ ਖੰਡਨ ਨਾ ਕੀਤਾ ਗਿਆ ਤਾਂ ਉਤਰਾਖੰਡ ਵਿੱਚ ਆਈ ਐਮ ਏ ਦੇ ਲੱਗਭਗ 2000 ਮੈਂਬਰਾਂ ਵਿੱਚੋਂ ਹਰ ਮੈਂਬਰ ਲਈ 50 ਲੱਖ ਅਤੇ ਕੁੱਲ ਇੱਕ ਹਜ਼ਾਰ ਕਰੋੜ ਰੁਪਏ ਦੀ ਰਾਹਤ ਦੀ ਮੰਗੀ ਜਾਵੇਗੀ।

# ਫਾਈਜ਼ਰ ਕੰਪਨੀ ਭਾਰਤ ਨੂੰ ਪੰਜ ਕਰੋੜ ਖ਼ੁਰਾਕਾਂ ਦੇਣ ਲਈ ਤਿਆਰ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਪ੍ਰਸਿੱਧ ਅਮਰੀਕੀ ਕੰਪਨੀ ਫਾਈਜ਼ਰ ਇਸ ਸਾਲ ਵਿੱਚ ਭਾਰਤ ਨੂੰ ਵੈਕਸੀਨ ਦੀਆਂ ਪੰਜ ਕਰੋੜ ਖ਼ੁਰਾਕਾਂ ਦੇਣ ਲਈ ਤਿਆਰ ਹੋ ਗਈ ਦੱਸੀ ਜਾਂਦੀ ਹੈ।

ਵਰਨਣ ਯੋਗ ਹੈ ਕਿ ਅਮਰੀਕੀ ਕੰਪਨੀ ਮੋਡਰਨਾ 'ਸਿੰਗਲ ਡੋਜ਼' ਵਾਲੀ ਕੋਰੋਨਾ ਵੈਕਸੀਨ ਅਗਲੇ ਸਾਲ ਭਾਰਤ ਵਿੱਚ ਲਾਂਚ ਕਰਨ ਦੀ ਆਸਵੰਦ ਹੈ ਅਤੇ ਸਿਪਲਾ ਸਮੇਤ ਹੋਰ ਭਾਰਤੀ ਕੰਪਨੀਆਂ ਨਾਲ ਇਸ ਦੀ ਗੱਲਬਾਤ ਚਲਾ ਰਹੀ ਹੈ। ਜਾਣਕਾਰ ਸੂਤਰਾਂ ਅਨੁਸਾਰ ਫਾਈਜ਼ਰ 2021 ਵਿੱਚ ਭਾਰਤ ਨੂੰ ਵੈਕਸੀਨ ਦੀਆਂ ਪੰਜ ਕਰੋੜ ਖ਼ੁਰਾਕਾਂ ਦੇਣ ਨੂੰ ਤਿਆਰ ਹੈ ਪਰ ਉਹ ਮੁਆਵਜ਼ੇ ਸਣੇ ਹੋਰ ਮਹੱਤਵਪੂਰਨ ਰੈਗੂਲੇਟਰੀ ਛੋਟਾਂ ਚਾਹੁੰਦੀ ਹੈ। ਮੋਡਰਨਾ ਨੇ ਭਾਰਤੀ ਅਧਿਕਾਰੀਆਂ ਨੂੰ




ਜਾਣੂੰ ਕਰਵਾਇਆ ਹੈ ਕਿ ਉਸ ਕੋਲ 2021 ਵਿੱਚ ਦੇਣ ਲਈ ਵਾਧੂ ਵੈਕਸੀਨ ਨਹੀਂ, ਪਰ ਨੇੜਲੇ ਭਵਿੱਖ ਵਿੱਚ ਜਾਨਸਨ ਐਂਡ ਜਾਨਸਨ ਵੱਲੋਂ ਅਮਰੀਕਾ ਤੋਂ ਹੋਰ ਦੇਸ਼ਾਂ ਵਿੱਚ ਆਪਣੀ ਵੈਕਸੀਨ ਭੇਜਣ ਦੀਆਂ ਸੀਮਤ ਸੰਭਾਵਨਾਵਾਂ ਹਨ। ਪਿਛਲੇ ਹਫ਼ਤੇ ਕੈਬਨਿਟ ਸਕੱਤਰ ਦੀ ਅਗਵਾਈ ਹੇਠ ਦੋ ਗੇੜ ਦੀਆਂ ਮੀਟਿੰਗਾਂ ਮੀਟਿੰਗਾਂ ਦੇ ਦੌਰਾਨ ਵਿਦੇਸ਼ ਮੰਤਰਾਲਾ, ਨੀਤੀ ਆਯੋਗ, ਬਾਇਓਤਕਨਾਲੋਜੀ ਵਿਭਾਗ, ਕਾਨੂੰਨ ਮੰਤਰਾਲਾ ਅਤੇ ਸਿਹਤ ਮੰਤਰਾਲੇ ਦੇ ਉਚ ਅਧਿਕਾਰੀ ਹਾਜ਼ਰ ਸਨ। ਇਸ ਸੰਬੰਧ ਵਿੱਚ ਸੂਤਰਾਂ ਦਾ ਕਹਿਣਾ ਹੈ ਕਿ ਮੀਟਿੰਗ ਵਿੱਚ ਚਰਚਾ ਹੋਈ ਹੈ ਕਿ ਮੋਡਰਨਾ ਕੋਲ 2021 ਲਈ ਵਾਧੂ ਵੈਕਸੀਨ ਨਹੀਂ ਹੈ ਅਤੇ ਉਹ 2022 ਵਿੱਚ ਭਾਰਤੀ ਬਾਜ਼ਾਰ ਲਈ ਆਪਣੀ 'ਸਿੰਗਲ ਡੋਜ਼' ਵੈਕਸੀਨ ਲਾਂਚ ਕਰਨ ਦੀ ਯੋਜਨਾ ਬਣਾ ਰਹੀ ਹੈ, ਜਿਸ ਬਾਰੇ ਉਸ ਦੀ ਸਿਪਲਾ ਅਤੇ ਹੋਰ ਭਾਰਤੀ ਕੰਪਨੀਆਂ ਨਾਲ ਗੱਲ ਚੱਲ ਰਹੀ ਹੈ। ਫਾਈਜ਼ਰ ਦੇ ਕੇਸ ਵਿੱਚ ਕੰਪਨੀ ਨੇ ਵੈਕਸੀਨ ਦੀਆਂ ਪੰਜ ਕਰੋੜ ਖ਼ੁਰਾਕਾਂ ਜੁਲਾਈ ਤੇ ਅਗਸਤ ਵਿੱਚ 1-1 ਕਰੋੜ, ਸਤੰਬਰ ਵਿੱਚ ਦੋ ਕਰੋੜ ਅਤੇ ਅਕਤੂਬਰ ਵਿੱਚ ਇੱਕ ਕਰੋੜ ਖ਼ੁਰਾਕਾਂ ਦੀ ਉਪਲਬਧਤਾ ਦਾ ਸੰਕੇਤ ਦਿੱਤਾ ਹੈ।

# ਪੀ ਐਨ ਬੀ ਘਪਲੇ ਦਾ ਮੁੱਖ ਦੋਸ਼ੀ ਮੇਹੁਲ ਚੋਕਸੀ ਐਂਟੀਗੁਆ ਤੋਂ ਅੱਗੇ ਲਾਪਤਾ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਐਂਟੀਗੁਆ ਅਤੇ ਬਾਰਬੂਡਾ ਵਿੱਚ ਰਹਿ ਰਿਹਾ ਭਗੌੜਾ ਹੀਰਾ ਕਾਰੋਬਾਰੀ ਮੇਹੁਲ ਚੌਕਸੀ ਲਾਪਤਾ ਹੋ ਗਿਆ ਹੈ। ਉਹ ਪੰਜਾਬ ਨੈਸ਼ਨਲ ਬੈਂਕ (ਪੀ ਐਨ ਬੀ) ਨਾਲ 13,500 ਕਰੋੜ ਰੁਪਏ ਦੇ ਫਰਾਡ ਕੇਸਵਿੱਚ ਲੋੜੀਂਦਾ ਹੈ। ਸਮਝਿਆ ਜਾਂਦਾ ਹੈ ਕਿ ਮੇਹੁਲ ਚੋਕਸੀ ਨੂੰ ਭਾਰਤ ਹਵਾਲੇ ਕਰਨ ਦੀ ਤਿਆਰੀ ਚੱਲ ਰਹੀ ਸੀ, ਜਿਸ ਦੇ ਡਰ ਕਾਰਨ ਉਹ ਮੌਕਾ ਮਿਲਦੇ ਸਾਰ ਹੀ ਅੱਗੇ ਕਿਧਰੇ ਫਰਾਰ ਹੋ ਗਿਆ ਹੈ।

ਕੈਰੀਬੀਆਈ ਆਈਲੈਂਡ ਦੇਸ਼ ਦੀ ਰਾਇਲ ਪੁਲਸ ਨੇ ਮੇਹੁਲ ਚੋਕਸੀ ਦੀ ਫੋਟੋ ਨਾਲ ਬਿਆਨ ਜਾਰੀ ਕੀਤਾ ਹੈ ਤਾਂਕਿ ਲੋਕਾਂ ਤੋਂ ਉਸ ਦੀ ਜਾਣਕਾਰੀ ਹਾਸਲ ਕੀਤੀ ਜਾ ਸਕੇ, ਜਿਸ ਵਿੱਚ ਕਿਹਾ ਗਿਆ ਹੈ ਕਿ ਪੁਲਸ ਜੌਲੀ ਹਾਰਬਰ ਨਿਵਾਸੀ 62 ਸਾਲਾ ਮੇਹੁਲ ਚੋਕਸੀ ਦੇ ਲਾਪਤਾ ਹੋਣ ਦੀ ਜਾਂਚ ਕਰ ਰਹੀ ਹੈ। ਉਸ ਦੇ ਲਾਪਤਾ ਦੀ ਸ਼ਿਕਾਇਤ ਜਾਨਸਨ ਪੁਆਇੰਟ ਥਾਣੇ ਵਿੱਚ ਦਰਜ ਕਰਵਾਈ ਗਈ ਹੈ। ਉਹ 23 ਮਈ ਤੋਂ ਲਾਪਤਾ ਹੈ। ਚੋਕਸੀ ਨੂੰ ਆਖ਼ਰੀ ਵਾਰ ਐਂਟੀਗੁਆ ਦੇ ਦੱਖਣੀ ਇਲਾਕੇ ਵਿੱਚ ਉਸ ਦੀ ਕਾਰ ਵਿੱਚ ਵੇਖਿਆ ਗਿਆ ਸੀ। ਕਾਰ ਪੁਲਸ ਨੇ ਬਰਾਮਦ ਕਰ ਲਈ, ਪਰ ਚੋਕਸੀ ਦਾ ਕੁਝ ਪਤਾ ਨਹੀਂ ਲੱਗ ਸਕਿਆ ਹੈ। ਇਸ ਦੌਰਾਨ ਮੇਹੁਲ ਚੋਕਸੀ ਦੇ ਵਕੀਲ ਵਿਜੈ ਅਗਰਵਾਲ ਨੇ ਆਪਣੇ ਕਲਾਈਂਟ ਦੇ ਲਾਪਤਾ ਹੋਣ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਐਂਟੀਗੁਆ ਪੁਲਸ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪਰਵਾਰ ਉਸ ਦੀ ਸੁਰੱਖਿਆ ਬਾਰੇ ਚਿੰਤਿਤ ਹੈ। ਅਸੀਂ ਸਾਰੀਆਂ ਖ਼ਬਰਾਂ ਉੱਤੇ ਨਜ਼ਰ ਰੱਖ ਰਹੇ ਹਾਂ।

ਦੂਸਰੇ ਪਾਸੇ ਮੇਹੁਲ ਚੋਕਸੀ ਦੇ ਖ਼ਿਲਾਫ਼ ਲੱਗੇ ਦੋਸ਼ਾਂ ਦੀ ਜਾਂਚ ਕਰ ਰਹੀ ਸੀ ਬੀ ਆਈ ਉਸ ਦੇ ਲਾਪਤਾ ਹੋਣ ਦੀਆਂ ਖ਼ਬਰਾਂ ਦੀ ਰਸਮੀ ਅਤੇ ਗ਼ੈਰ-ਰਸਮੀ ਮਾਧਿਅਮਾਂ ਰਾਹੀਂ ਪੁਸ਼ਟੀ ਕਰ ਰਹੀ ਹੈ। ਇੰਟਰਪੋਲ ਨੇ ਸੀ ਬੀ ਆਈ ਦੀ ਅਪੀਲ ਉੱਤੇ ਉਸ ਦੇ ਖ਼ਿਲਾਫ਼ ਰੈਡ ਕਾਰਨਰ ਨੋਟਿਸ ਜਾਰੀ ਕੀਤਾ ਸੀ। ਮੇਹੁਲ ਚੋਕਸੀ ਨੇ ਜਨਵਰੀ 2018 ਵਿੱਚ ਭਾਰਤ ਤੋਂ ਭੱਜ ਜਾਣ ਤੋਂ ਪਹਿਲਾਂ 2017 ਵਿੱਚ ਕੈਰੀਬੀਆਈ ਆਈਲੈਂਡ ਦੇਸ਼ ਐਂਟੀਗੁਆ ਅਤੇ ਬਾਰਬੂਡਾ ਦੀ ਨਾਗਰਿਕਤਾ ਲੈ ਲਈ ਸੀ। ਚੋਕਸੀ ਅਤੇ ਉਸਦੇ ਭਣੇਵੇਂ ਨੀਰਵ ਮੋਦੀ ਉੱਤੇ ਕੁਝ ਬੈਂਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਪੰਜਾਬ ਨੈਸ਼ਨਲ ਬੈਂਕ ਨਾਲ 13,500 ਕਰੋੜ ਰੁਪਏ ਦੀ ਧੋਖਾਦੇਹੀ ਕਰਨ ਦਾ ਦੋਸ਼ ਹੈ। ਨੀਰਵ ਮੋਦੀ ਅਜੇ ਲੰਡਨ ਦੀ ਇੱਕ ਜੇਲ੍ਹ ਵਿੱਚ ਬੰਦ ਹੈ।

# ਸੁਬੋਧ ਕੁਮਾਰ ਜਾਇਸਵਾਲ ਸੀ ਬੀ ਆਈ ਦੇ ਨਵੇਂ ਡਾਇਰੈਕਟਰ ਬਣੇ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਸੀਨੀਅਰ ਆਈ ਪੀ ਐਸ ਅਧਿਕਾਰੀ ਸੁਬੋਧ ਕੁਮਾਰ ਜਾਇਸਵਾਲ ਨੂੰ ਸੀ ਬੀ ਆਈ ਦਾ ਨਵਾਂ ਡਾਇਰੈਕਟਰ ਬਣਾਇਆ ਗਿਆ ਹੈ। ਉਹ ਦੋ ਸਾਲ ਇਸ ਅਹੁਦੇ ਉੱਤੇ ਰਹਿਣਗੇ। ਇਹ ਹੁਕਮ ਕੇਂਦਰੀ ਪ੍ਰਸੋਨਲ ਮੰਤਰਾਲੇ ਵੱਲੋਂ ਕੱਲ੍ਹ ਜਾਰੀ ਕੀਤੇ ਗਏ ਹਨ।



ਸੁਬੋਧ ਕੁਮਾਰ ਜਾਇਸਵਾਲ 1985 ਬੈਚ ਦੇ ਆਈ ਪੀ ਐਸ (ਇੰਡੀਅਨ ਪੁਲਸ ਸਰਵਿਸ) ਅਫਸਰ ਹਨ ਤੇ ਇਸ ਸਮੇਂ ਸੈਂਟਰਲ ਇੰਡਸਟਰੀਅਲ ਸਕਿਓਰਿਟੀ ਫੋਰਸ ਦੇ ਡਾਇਰੈਕਟਰ ਜਨਰਲ ਹਨ। ਇਸ ਤੋਂ ਪਹਿਲਾਂ ਭਾਰਤ ਦੇ ਚੀਫ ਜਸਟਿਸ ਐਨ ਵੀ ਰਾਮੰਨਾ ਵੱਲੋਂ ਪੁਲਸ ਮੁਖੀਆਂ ਦੀ ਨਿਯੁਕਤੀ ਲਈ ਸੁਪਰੀਮ ਕੋਰਟ ਦੇ ਇੱਕ ਨਿਰਦੇਸ਼ ਦਾ ਹਵਾਲਾ ਦੇਣ ਮਗਰੋਂ ਸੀ ਬੀ ਆਈ ਦੇ ਨਿਰਦੇਸ਼ਕ ਦੇ ਅਹੁਦੇ ਦੇ ਮੁੱਖ ਦਾਅੇਦਾਰ ਮੰਨੇ ਗਏਹਨ। ਦੋ ਉਮੀਦਵਾਰਾਂ ਦੇਬਦਲ ਛੱਡ ਦਿੱਤੇ ਗਏ ਸੀ। ਜਾਣਕਾਰ ਸੂਤਰਾਂ ਮੁਤਾਬਕ ਚੀਫ ਜਸਟਿਸ ਰਾਮੰਨਾ ਨੇ ਮਾਰਚ 2019 ਦੇ ਪ੍ਰਕਾਸ਼ ਸਿਘ ਕੇਸ ਵਿੱਚ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦਾ ਹਵਾਲਾ ਦਿੱਤਾ, ਜਿਨ੍ਹਾਂ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਕਿਸੇ ਉਸ ਅਧਿਕਾਰੀ ਨੂੰ ਪੁਲਸ ਮੁਖੀ ਨਿਯੁਕਤ ਨਹੀਂ ਕੀਤਾ ਜਾ ਸਕਦਾ,ਜਿਸ ਦੀ ਸੇਵਾਮੁਕਤੀ ਵਿੱਚ ਛੇ ਮਹੀਨੇ ਤੋਂ ਘੱਟ ਸਮਾਂ ਬਾਕੀ ਹੋਵੇ। ਇਸ ਹਵਾਲੇ ਨਾਲ ਇਹ ਗੱਲ ਸਪੱਸ਼ਟ ਹੋ ਗਈ ਕਿ ਐਨ ਆਈ ਏ ਮੁਖੀ ਵਾਈ ਸੀ ਮੋਦੀ, ਜਿਨ੍ਹਾਂ ਨੇ ਮਈ ਦੇ ਅਖੀਰ ਵਿੱਚ ਸੇਵਾ-ਮੁਕਤ ਹੋ ਜਾਣਾ ਹੈ ਅਤੇ ਰਾਕੇਸ਼ ਅਸਥਾਨਾ, ਜੋ ਇਸ ਸਮੇਂ ਬੀ ਐਸ ਐਫ ਦੇ ਮੁਖੀ ਹਨ ਤੇ ਇਸ ਵਰ੍ਹੇ ਜੁਲਾਈ ਵਿੱਚ ਸੇਵਾਮੁਕਤ ਹੋ ਰਹੇ ਹਨ, ਸੀ ਬੀ ਆਈ ਦੇ ਮੁਖੀ ਦੀ ਰੇਸ ਵਿੱਚੋਂ ਬਾਹਰ ਹਨ। ਦੋਵਾਂ ਅਧਿਕਾਰੀਆਂ ਦੇ ਨਾਵਾਂ ਦੇ ਰੱਦ ਹੋਣ ਮਗਰੋਂ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਚੋਣ ਕਮੇਟੀ, ਜਿਸ ਵਿੱਚ ਚੀਫ ਜਸਟਿਸ ਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸ਼ਾਮਲ ਹਨ, ਨੇ ਸੋਮਵਾਰ ਸ਼ਾਮ ਨੂੰ ਤਿੰਨ ਆਈ ਪੀ ਐਸ ਅਧਿਕਾਰੀਆਂ ਦੇ ਨਾਵਾਂ ਬਾਰੇ ਚਰਚਾ ਕੀਤੀ ਸੀ, ਜਿਨ੍ਹਾਂ ਵਿੱਚ ਸੀ ਆਈ ਐਸ ਐਫ ਦੇ ਮੁਖੀ ਸੁਬੋਧ ਜਾਇਸਵਾਲ, ਐਸ ਐਸ ਬੀ ਦੇ ਡੀ ਜੀ, ਕੇ ਆਰ ਚੰਦਰ ਅਤੇ ਗ੍ਰਹਿ ਮੰਤਰਾਲੇ ਵਿੱਚ ਵਿਸ਼ੇਸ਼ ਸੈਕਟਰੀ ਦੇ ਅਹੁਦੇ ਉੱਤੇ ਤੈਨਾਤ ਵੀ ਐਸ ਕੇ ਕੌਮੁਦੀ ਦੇ ਨਾਂਅ ਸ਼ਾਮਲ ਹਨ।

ਅਮਰੀਕਾ ਦਾ ਪਾਕਿ ਨੂੰ ਫਿਰ ਝਟਕਾ:

# ਡੋਨਾਲਡ ਟਰੰਪ ਤੋਂ ਬਾਅਦ ਜੋ ਬਾਈਡੇਨ ਨੇ ਵੀ ਫੰਡਿੰਗ ਰੋਕੀ

ਵਾਸ਼ਿੰਗਟਨ, 26 ਮਈ (ਪੋਸਟ ਬਿਊਰੋ)- ਅਮਰੀਕਾ ਨੇ ਪਾਕਿਸਤਾਨ ਨੂੰ ਫਿਰ ਕਰਾਰਾ ਝਟਕਾ ਦਿੱਤਾ ਹੈ। ਅੱਤਵਾਦ ਦੇ ਕੇਸਾਂ ਵਿੱਚ ਸ਼ੱਕੀ ਭੂਮਿਕਾ ਤੇ ਕਾਰਵਾਈ ਵਿੱਚ ਸਹਿਯੋਗ ਨਾ ਦੇਣ ਕਾਰਨ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਬਾਅਦ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਨੇ ਵੀ ਪਾਕਿਸਤਾਨ ਦੀ ਫੰਡਿੰਗ ਰੋਕ ਦਿੱਤੀ ਹੈ।



ਇਸ ਸੰਬੰਧ ਵਿੱਚ ਅਮਰੀਕੀ ਰੱਖਿਆ ਵਿਭਾਗ ਦੇ ਦਫ਼ਤਰ ਪੈਂਟਾਗਨ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਈਡੇਨ ਨੇ ਪਾਕਿਸਤਾਨ ਨੂੰ ਮਿਲਦੀ ਫੌਜੀ ਮਦਦ ਰੱਦ ਰੱਖਣ ਦਾ ਫ਼ੈਸਲਾ ਕੀਤਾ ਹੈ। ਟਰੰਪ ਨੇ ਜਨਵਰੀ 2018 ਵਿੱਚ ਪਾਕਿਸਤਾਨ ਨੂੰ ਦਿੱਤੀ ਜਾਂਦੀ ਸਾਰੀ ਫੌਜੀ ਮਦਦ ਰੱਦ ਕਰ ਕੇ ਕਿਹਾ ਸੀ ਕਿ ਉਹ ਅੱਤਵਾਦ ਖ਼ਿਲਾਫ਼ ਲੜਾਈ ਵਿੱਚ ਪਾਕਿਸਤਾਨ ਦੀ ਭੂਮਿਕਾ ਅਤੇ ਉਸ ਵੱਲੋਂ ਮਿਲਦੇ ਸਹਿਯੋਗ ਬਾਰੇ ਸੰਤੁਸ਼ਟ ਨਹੀਂ। ਪੈਂਟਾਗਨ ਦੇ ਪ੍ਰੈਸ ਸੈਕਟਰੀ ਜਾਨ ਕਿਰਬੀ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਪਾਕਿਸਤਾਨ ਨੂੰ ਅਮਰੀਕਾ ਵੱਲੋਂ ਦਿੱਤੀ ਜਾਣ ਵਾਲੀ ਫੰਡਿੰਗ ਵਿੱਚ ਕੋਈ ਬਦਲਾਅ ਹੋਵੇਗਾ ਜਾਂ ਨਹੀਂ, ਇਸ ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਫੌਜ ਮੁਖੀ ਕਮਰ ਜਾਵੇਦ ਬਾਜਵਾ ਦੀ ਅਮਰੀਕੀ ਰੱਖਿਆ ਮੰਤਰੀ ਲਾਇਡ ਆਸਟਿਨ ਨਾਲ ਗੱਲਬਾਤ ਹੋਈ ਸੀ। ਅਮਰੀਕਾ ਦੇ ਸੁਰੱਖਿਆ ਸਲਾਹਕਾਰ ਜੈਕ ਸੁਲਿਵਨ ਨਾਲ ਪਾਕਿਸਤਾਨੀ ਆਗੂ ਮੋਇਦ ਯੁਸੂਫ ਨੇ ਵੀ ਜਿਨੇਵਾ ਵਿੱਚ ਗੱਲਬਾਤ ਕੀਤੀ ਸੀ। ਸਮਝਿਆ ਜਾ ਰਿਹਾ ਹੈ ਕਿ ਦੋਵਾਂ ਦੀ ਬੇਨਤੀ ਨੂੰ ਅਮਰੀਕਾ ਨੇ ਨਹੀਂ ਮੰਨਿਆ। ਕਿਰਬੀ ਨੂੰ ਸਵਾਲ ਕੀਤਾ ਗਿਆ ਕਿ ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਨੇ ਇਸ ਵਿਸ਼ੇ ਉੱਤੇ ਪੁਰਾਣੇ ਟਰੰਪ ਪ੍ਰਸ਼ਾਸਨ ਦੀ ਨੀਤੀ ਦੀ ਘੋਖ ਕੀਤੀ ਹੈ ਜਾਂ ਨਹੀਂ? ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਇਸ ਵਿੱਚ ਕੋਈ ਤਬਦੀਲੀ ਹੋਈ ਹੈ ਜਾਂ ਪਾਕਿਸਤਾਨੀ ਲੀਡਰਸ਼ਿਪ ਨਾਲ ਇਸ ਮੁੱਦੇ ਉੱਤੇ ਚਰਚਾ ਹੋਈ ਹੈ?

ਮਾਲੀ ਵਿੱਚ ਫੌਜੀ ਬਗਾਵਤ :

# ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਰੱਖਿਆ ਮੰਤਰੀ ਬੰਦੀ ਬਣਾਏ



ਬਮਾਕੋ, 26 ਮਈ (ਪੋਸਟ ਬਿਊਰੋ)- ਅਫਰੀਕੀ ਦੇਸ਼ ਮਾਲੀ ਵਿੱਚ ਰਾਜਨੀਤਕ ਸੰਕਟ ਗੰਭੀਰ ਹੋ ਗਿਆ ਹੈ। ਅੰਤ੍ਰਿਮ ਸਰਕਾਰ ਵਿੱਚ ਫੇਰਬਦਲ ਦੇ ਕੁਝ ਸਮੇਂ ਬਾਅਦ ਫੌਜੀ ਬਗਾਵਤ ਹੋ ਗਈ ਤੇ ਬਾਗੀ ਫੌਜੀਆਂ ਨੇ ਰਾਸ਼ਟਰਪਤੀ ਬਾਹ ਦਾਵ, ਪ੍ਰਧਾਨ ਮੰਤਰੀ ਮੋਕਟਰ ਯਾਨ ਅਤੇ ਰੱਖਿਆ ਮੰਤਰੀ ਸੋਲੇਮੇਨ ਡੋਕੋਰੇ ਨੂੰ ਗ੍ਰਿਫਤਰ ਕਰ ਲੈ ਲਿਆ ਅਤੇ ਇਨ੍ਹਾਂ ਤਿੰਨਾਂ ਨੂੰ ਰਾਜਧਾਨੀ ਬਮਾਕੋ ਦੇ ਬਾਹਰ ਫੌਜੀ ਹੈਡਕੁਆਰਟਰ ਕਾਟੀ ਵਿੱਚ ਰੱਖਿਆ ਗਿਆ ਹੈ।

ਇਸ ਦੌਰਾਨ ਅੰਤ੍ਰਿਮ ਸਰਕਾਰ ਦੇ ਉਪ ਰਾਸ਼ਟਰਪਤੀ ਕਰਨਲ ਅਸੀਮੀ ਗੋਇਤਾ ਨੇ ਫੌਜ ਵੱਲੋਂ ਇਸ ਬਗਾਵਤ ਦੀ ਜ਼ਿੰਮੇਵਾਰੀ ਲੈਂਦੇ ਹੋਏ ਕਿਹਾ ਕਿ ਇਨ੍ਹਾਂ ਲੋਕਾਂ ਨੇ ਉਨ੍ਹਾਂ ਨਾਲ ਵਿਚਾਰ ਕੀਤੇ ਬਿਨਾਂ ਫੇਰਬਦਲ ਕੀਤਾ ਹੈ, ਜੋ ਟ੍ਰਾਂਜ਼ੀਸ਼ਨਲ ਚਾਰਟਰ ਦੇ ਲਿਹਾਜ਼ ਨਾਲ ਗਲਤ ਹੈ। ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੋਵਾਂ ਨੂੰ ਉਨ੍ਹਾਂ ਨੇ ਹਟਾ ਦਿੱਤਾ ਹੈ। ਅਗਲੇ ਸਾਲ ਆਮ ਚੋਣਾਂ ਸਮੇਂ ਉੱਤੇ ਹੀ ਹੋਣਗੀਆਂ।ਫੌਜੀ ਬਗਾਵਤਨਾਲ ਇਸ ਪੱਛਮੀ ਅਫਰੀਕੀ ਦੇਸ਼ ਵਿੱਚ ਹਾਲਾਤ ਵਿਗੜ ਸਕਦੇ ਹਨ, ਜਿੱਥੋਂ ਦੇ ਵੱਡੇ ਖੇਤਰ ਉੱਤੇ ਅਲ ਕਾਇਦਾ ਅਤੇ ਇਸਲਾਮਿਕ ਸਟੇਟ ਨਾਲ ਜੁੜੇ ਇਸਲਾਮਕ ਗਰੁੱਪਾਂ ਦਾ ਕੰਟਰੋਲ ਹੈ। ਇਹ ਇਸਲਾਮਕ ਗਰੁੱਪ ਫੌਜ ਅਤੇ ਆਮ ਲੋਕਾਂ ਉੱਤੇ ਅਕਸਰ ਹਮਲੇ ਕਰਦੇ ਰਹਿੰਦੇ ਹਨ। ਫਰਾਂਸੀਸੀ ਫੋਰਸਾਂ ਨੇ 2013 ਵਿੱਚ ਇਸਲਾਮਕ ਗਰੁੱਪਾਂ ਨੂੰ ਕਾਫੀ ਪਿੱਛੇ ਧਕੇਲ ਦਿੱਤਾ ਸੀ, ਪਰ ਬਾਅਦ ਵਿੱਚ ਉਹ ਸੰਗਠਿਤ ਹੋ ਕੇ ਫਿਰ ਤੋਂ ਹਮਲੇ ਕਰਨ ਲੱਗੇ। ਉਨ੍ਹਾਂ ਨੇ ਆਪਣਾ ਵਿਸਥਾਰ ਗੁਆਂਢੀ ਦੇਸ਼ਾਂ ਤਕ ਕਰ ਲਿਆ ਹੈ।

Century 21
President Realty Inc
Brokerage*
Independently Owned and Operated.



ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ

Jagdish Grewal
Sales Repersentative

Call Now: (416)-970-5005




Sandalwood & Kennedy

ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!




Bramalea & Peter Robertson

3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਊਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.




Bovaird & Royal Orchard

3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ




Bovaird & Bramlea Rd

3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ




Bovaird & Worthington

4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ




Pertosa & WillamsParkway

4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ




Gore & Cotrelle

3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ




Bovaird & Hwy 410

4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005 www.vipcondonetwork.com

80 Maritime Ontario Blvd #246 Brampton, ON L6S 0E7 Call: 905-488-2100 Fax : 905-488-2101

# ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



# ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ। ਸੰਪਰਕ: ਅਜੈਬ ਸਹੋਤਾ

4165618882, 4164544587



# A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


# CLASSIFIEDS


Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



WWW.KULWINDERCHHINA.COM

MULTI AWARD WINNER
REALTOR



KULWINDERCHHINA
BROKER
647.293.2327




# Matrimonial

ਰਿਸ਼ਤੇ ਹੀ ਰਿਸ਼ਤੇ


Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, ਭ।ਓ।/ਭ।ਂਚ।, 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2’’, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5’8’’, ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5’8’’, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5’11’,ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5’11’’, ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5’7’’, ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ ’ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ-Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4’’, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5’3’’, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


Call for Free Estimates

A-1 RENOVATION GTA INC

$1,000

416-456-1462
OVER 15 YEARS OF SERVICE
Professionals in Completing Basements within 3 Weeks

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com

A-1 RENOVATION GTA INC.
22 Listcreek Road, Brampton L6p 2n6



STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ

416.230.4000 • 647.409.1092
www.STARLANEPAINTING.com



(905)793-2202

You can Place Your Business Here

To Reach Wider Audience



For more info Call 905-793-2202 or e-mail ads@punjabipost.ca



ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post





WANTED

Panjabi Nannies, Caregivers, Cleaning ladies and Cooks for GTA. Please contact at the earliest at:

416-275-7010



A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton



UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

